ISSN 0972-2335

# ਅੰਮ੍ਰਿਤ ਕੀਰਤਨ



ਪ੍ਰੋਫੈਸਰ ਤਾਰਾ ਸਿੰਘ

ਸੰਪਾਦਕ
ਡਾ. ਜਾਗੀਰ ਸਿੰਘ

ਅਗਸਤ 2023

ਮੁੱਲ 15/-



## ਤੂੰ ਤੂੰ ਤੇ ਮੈਂ ਮੈਂ

ਬਾਲ ਜੰਮਿਆ ਰੂਪ ਪ੍ਰਮਾਤਮਾਂ ਦਾ,
ਸਿੱਖ ਬਣ ਮੁਰੀਦ ਉਸ ਨੂਰ ਹੋਇਆ।

ਸੁਨੱਤ ਨਾਲ ਹੋਇਆ ਮੁਸਲਮਾਨ ਉਹੀ,
ਜੰਜੂ ਟਿੱਕੇ ਤੂੰ ਹਿੰਦੂ ਜ਼ਰੂਰ ਹੋਇਆ।

ਤੂੰ ਤੂੰ ਮੈਂ ਮੈਂ ਦਾ ਜੰਗ ਹੋਇਆ,
ਵਿੱਚ ਜੰਗ ਹੀ ਮਜ਼ਹਬ ਫਤੂਰ ਹੋਇਆ।

ਖਿੱਚੋ ਤਾਣ ਲਾਈ ਇੱਕ ਇੱਕ ਪਾਸੇ,
ਹਰ ਪਾਸੇ ਦਾ ਇਉਂ ਦਸਤੂਰ ਹੋਇਆ।

ਕਹਿਆ ਪੁਰਖਾਂ ਦਾ ਰੱਖ ਇਕ ਪਾਸੇ,
ਖੁਦੀ, ਦਵੈਤ ਹੰਕਾਰੀ ਬਰਬਾਦ ਹੋ ਗਏ।

ਸੱਚੇ ਰਬ ਨੂੰ ਮਨੋ ਵਿਸਾਰ ਕੇ ਤੇ,
ਝਗੜੇ ਪਾ ਆਪੂੰ ਨਾਸ਼ਾਦ ਹੋ ਗਏ।

**ਪੁਸਤਕ – ਗੁੱਝੀਆਂ ਰਮਜਾਂ: ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ**

# ਅੰਮ੍ਰਿਤ ਕੀਰਤਨ


**ਸੰਪਾਦਕ**

**ਡਾ. ਜਾਗੀਰ ਸਿੰਘ**

**ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀਐਚ. ਡੀ**

**ਸਹਿਯੋਗੀ**

**ਸ. ਹਰਭਜਨ ਸਿੰਘ ਅਤੇ ਸ. ਨਵਤੇਜ ਸਿੰਘ**


- ▲ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
- ▲ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: ੪/੮/੯੦ ਮਿਤੀ ੨੦/੨/੯੧ ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।

**ਚੰਦੇ ਦਾ ਵੇਰਵਾ**

- ▲ ਦੇਸ਼: ਇਕ ਕਾਪੀ :15 ਰੁਪਏ
- ▲ ਦੇਸ਼ ਸਾਲਾਨਾ ਚੰਦਾ : 150 ਰੁਪਏ
- ▲ ਜੀਵਨ ਮੈਂਬਰ ਚੰਦਾ: 1500 ਰੁਪਏ
- ▲ ਵਿਦੇਸ਼ : ਸਲਾਨਾ ਚੰਦਾ INR1500
- ▲ 'ਅੰਮ੍ਰਿਤ ਕੀਰਤਨ' ਲਈ ਡਰਾਫਟ, ਮਾਇਕ ਸਹਾਇਤਾ, ਚਿੱਠੀ-ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ:-


**ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)**

422, ;eNo 15-J, uvhrV 160 015

ਫੋਨ : 0172-2772660, 098140 53630

e-mail: drjagirsingh@gmail.com

Website : http://www.amritkirtan.com



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼ ਸ਼ੋਅਰੂਮ ਨੰ: 443, ਮਟੋਰ, ਸੈਕਟਰ 70, ਮੁਹਾਲੀ (ਫੋਨ :0172-4782705, 98150-72197) ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।


## ਇਸ ਅੰਕ ਵਿਚ


ਤੂੰ ਤੂੰ ਤੇ ਮੈਂ ਮੈਂ
ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ — ਟਾ-2

ਸੰਪਾਦਕੀ : ਕਰਉ ਬੇਨੰਤੀਆ -
ਧਰਤੀ ਉਤੇ ਰੁਖ — 2

ਗੁਰਮਤਿ ਸੰਗੀਤ ਦੇ ਰਚਨਾਕਾਰ ਪ੍ਰੋ. ਤਾਰਾ ਸਿੰਘ
ਡਾ.ਗੁਰਨਾਮ ਸਿੰਘ — 4

ਭਾਈ ਦਵਿੰਦਰ ਪ੍ਰਤਾਪ ਸਿੰਘ ਭਾਈ ਮਹਿੰਦਰ ਪ੍ਰਤਾਪ ਸਿੰਘ
ਡਾ ਜਾਗੀਰ ਸਿੰਘ — 8

ਕਾਵਿ ਅਤੇ ਸੰਗੀਤ: ਅੰਤਰ-ਸੰਬੰਧ
ਪਵਨਦੀਪ ਕੁਮਾਰ — 12

ਸੁਰਲਿਪੀ ਰਾਗ ਮਾਲਕੌਸ
ਸ. ਗੁਰਬਖਸ਼ ਸਿੰਘ — ਟਾ-3,4


Donations to **AMRIT KIRTAN TRUST** are eligible for relief u/s 80 G of Income-Tax Act, 1961 (43 of 1961) vide CIT/-I/ CHD/ Tech./ 80-G/ 2008-939 dated 19-05-2008 valid upto 31/03/2012 and now valid in perpetuity, Cheques/Drafts should be sent in the name of **AMRIT KIRTAN TRUST** payable at Mohali. Donations can also be sent by money order at the address **AMRIT KIRTAN TRUST** (Regd.) 422, Sector 15-A, Chandigarh-160015. The Donations can be made by Electronic Transfer also. The bank details are : **AMRIT KIRTAN TRUST** Saving Bank A/c No. 65079603302, IFSC : SBIN0018141 in the State Bank of India, Phase 3B2, Mohali Punjab Branch. After such a Deposit, please inform us your Aadhar No., Pan No. Name & Address as also the deposit details to enable us to send you the receipt.

## ਕਰਉ ਬੇਨੰਤੀਆ

# ਧਰਤੀ ਉਤੇ ਰੁਖ

ਪਿਛਲੇ ਦਿਨੀ ਯੂ ਟਿਊਬ ਤੇ ਪ੍ਰਿੰਸੀਪਲ ਸੁਖਵੰਤ ਸਿੰਘ ਜੀ ਵੱਲੋਂ ਬੜੀ ਪਿਆਰੀ ਰੀਤ ਵਿੱਚ ਬੜੇ ਸੁਰੀਲੇ ਸਹਿਜ ਢੰਗ ਨਾਲ ਗਾਇਨ ਕੀਤਾ ਸ਼ਬਦ ਸੁਣਿਆ-

ਆਪਿ ਸਹੰਦੇ ਦੁਖ ਜਗੁ ਵਰੁਸਾਇਆ।

ਭਾਈ ਗੁਰਦਾਸ ਜੀ ਦੀ 14ਵੀਂ ਵਾਰ ਦੀ 8ਵੀਂ ਪਉੜੀ ਦਾ ਗਾਇਨ ਸੁਣਕੇ ਆਨੰਦ ਆਗਿਆ। ਇਸ ਸ਼ਬਦ ਦੀ ਪਹਿਲੀ ਤੁਕ ਹੈ 'ਧਰਤੀ ਉਤੇ ਰੁਖ ਸਿਰਤ ਲਵਾਇਆ'। ਕਮਾਲ ਦਾ ਸੰਜੋਗ ਹੈ। ਅੱਜ ਕਲ੍ਹ ਪ੍ਰਿੰਸੀਪਲ ਸੁਖਵੰਤ ਸਿੰਘ ਹਰ ਮਹੀਨੇ ਚੰਡੀਗੜ੍ਹ ਸੈਕਟਰ 36 ਜਨਰਲ ਬੇਵਲੀ ਜੀ ਦੀ ਕੋਠੀ ਵਿੱਚ ਅ ਾਕੇ ਆਪਣੀਆਂ ਕੀਰਤਨ ਕਲਾਸਾਂ ਲਗਾਉਂਦੇ ਹਨ। ਜਨਰਲ ਸਾਹਿਬ ਦਾ ਪਰਿਵਾਰ ਪ੍ਰਿੰਸੀਪਲ ਸੁਖਵੰਤ ਸਿੰਘ ਅਤੇ ਉਹਨਾਂ ਦੇ ਸਿਖਿਆਰਥੀਆਂ ਦੀ ਸ਼ਰਧਾ ਨਾਲ ਸੇਵਾ ਕਰਦਾ ਹੈ। ਜਨਰਲ ਸਾਹਿਬ ਰੁੱਖ ਬੂਟਿਆਂ ਦੇ ਬਾਗ ਲਗਾਉਣ ਵਿੱਚ ਉੱਘੇ ਮਾਹਿਰ ਹਨ। ਚੰਡੀਗੜ੍ਹ ਦੇ ਬੋਟੈਨੀਕਲ ਗਾਰਡਨ ਸਥਾਪਿਤ ਕਰਨ ਵਿੱਚ ਉਹਨਾਂ ਦਾ ਵੱਡਾ ਹੱਥ ਹੈ। ਉਹਨਾਂ ਦੀ ਇਸ ਕੋਠੀ ਦੇ ਪਿੱਛੇ ਵੀ ਉਹਨਾਂ ਨੇ ਕਮਾਲ ਦਾ ਬਗੀਚਾ ਲਗਾਇਆ ਹੋਇਆ ਹੈ। ਸਾਡੀ ਰੁਚੀ ਵੇਖ ਕੇ ਉਹ ਸਾਨੂੰ ਇਸ ਵਿੱਚ ਲੱਗੇ ਰੁੱਖਾਂ ਬੂਟਿਆਂ ਬਾਰੇ ਦੱਸਣ ਲੱਗ ਪਏ। ਮੇਰੇ ਮੂੰਹੋਂ ਸੁਭਾਵਿਕ ਹੀ ਨਿਕਲਿਆ 'ਤੁਸੀਂ ਤਾਂ ਇਹਨਾਂ ਦੀ ਬੱਚਿਆਂ ਵਾਂਗ ਦੇਖ-ਰੇਖ ਕਰਦੇ ਹੋ। ਉਹ ਇੱਕ ਦੱਮ ਬੋਲੇ 'ਨਹੀਂ', ਬੱਚਿਆਂ ਨਾਲੋਂ ਵੀ ਵੱਧ। ਬੱਚੇ ਤਾਂ ਰੋ ਕੇ ਆਪਣਾ ਦੁਖ ਤਕਲੀਫ ਦੱਸ ਸਕਦੇ ਹਨ। ਇਹਨਾਂ ਵੱਲ ਤਾਂ ਆਪ ਹੀ ਧਿਆਨ ਦੇਣਾ ਪੈਂਦਾ ਹੈ। ਇਹ ਵੀ ਜੀਵੰਤ ਹਨ , ਇਹਨਾਂ ਵਿੱਚ ਵੀ ਜੀਵਨ ਹੈ। ਇਸ ਲਈ ਮੈਂ ਆਪਣੇ ਨਾਲ ਮਾਲੀ ਵੀ ਰੱਖਿਆ ਹੋਇਆ ਹੈ'। ਰੁੱਖਾਂ ਪ੍ਰਤੀ ਉਹਨਾਂ ਦੀ ਸੰਵੇਦਨਸ਼ੀਲਤਾ ਕਮਾਲ ਦੀ ਹੈ।

--ਤੇ ਹੋਰ ਸੰਜੋਗ 'ਸਮਕਾਲੀ ਸਾਹਿਤ' ਦਾ 113ਵਾਂ ਜੁਲਾਈ-ਸਤੰਬਰ 2023 ਅੰਕ ਪ੍ਰਾਪਤ ਹੋਇਆ। ਇਸ ਵਿੱਚ ਬਲਬੀਰ ਮਾਧੋਪੁਰੀ ਦੀ ਸੰਪਾਦਕੀ ਵੀ ਅਜਿਹੀ ਸੰਵੇਦਨਸ਼ੀਲਤਾ ਦੀ ਗੱਲ ਕਰਦੀ ਪ੍ਰਤੀਤ ਹੁੰਦੀ ਹੈ-

ਸਮਾਂ ਬੜਾ ਬਲਵਾਨ ਹੈ। ------ਨਦੀਆਂ ਨੇ ਵੀ ਨਹਿਰਾਂ ਵਾਂਗ ਕੰਢਿਆਂ ਵਿਚਾਲੇ ਵਗਣਾ ਸਿਖ ਲਿਆ ਹੈ। ਸ਼ਾਇਦ ਇਸ ਲਈ ਕਿਲੱਫਾਂ ਮਾਰਦੇ, ਉਛਾਲੇ ਮਾਰਦੇ ਪਾਣੀਆਂ ਨੂੰ ਵੱਖ-ਵੱਖ ਢੰਗ-ਤਰੀਕੇ ਅਪਣਾ ਕੇ ਕਾਬੂ ਕਰਨ ਦੀਆਂ ਜੁਗਤਾਂ ਵਿਕਸਤ ਕਰ ਲਈਆਂ ਗਈਆਂ ਹਨ। ਨਦੀਆਂ-ਦਰਿਆਵਾਂ ਦੇ ਭਰਵੇਂ ਵਹਾਅ ਨੂੰ ਠੱਲ੍ਹ ਪਾਉਣ ਲਈ ਸਮੇਂ ਦੇ ਇਸ਼ਾਰੇ 'ਤੇ ਹਵਾ ਦਾ ਰੁਖ ਬਦਲਿਆ-ਬਦਲਿਆ ਪ੍ਰਤੀਤ ਹੁੰਦਾ ਹੈ। ਜਿਸ ਕਰਕੇ ਚੁਫੇਰੇ ਖੜ੍ਹੇ ਰੁੱਖ ਮੁਰਝਾਏ-ਮੁਰਝਾਏ ਹੋਏ ਗੰਧਲੇ ਪਾਣੀਆਂ ਤੇ ਵਾਤਾਵਰਣ ਵਿਚਲੀਆਂ ਦੂਸ਼ਿਤ ਹਵਾਵਾਂ ਨੂੰ ਦੇਖ-ਦੇਖ ਭੈ ਖਾਂਦੇ ਜਾਪਦੇ ਹਨ ਕਿ ਕਿਧਰੇ ਜੜ੍ਹੋਂ ਹੀ ਨਾ ਪੁੱਟੇ ਜਾਣ। --ਤਾਂ ਵੀ ਉਹ ਸਿਰ ਉੱਚਾ ਕਰ ਕੇ ਖੜ੍ਹੇ ਹਨ। ਖੁਦ ਝੁਲਸ ਕੇ ਇਸ ਉਮੀਦ ਵਿੱਚ ਹਨ ਕਿ ਮੌਸਮ ਬਦਲੇਗਾ, ਸਾਫ ਸਵੱਛ ਹਵਾ ਵਗੇਗੀ। ਵਾਤਾਵਰਣ ਸਵੱਛ ਹੋਵੇਗਾ। ਉਨ੍ਹਾਂ ਦੀਆਂ ਕੂਲੀਆਂ- ਨਰਮ ਕਰੂੰਬਲਾਂ ਫੁੱਟਣਗੀਆਂ, ਹਰੇ-ਭਰੇ ਪੱਤੇ

ਠੰਢੀਆਂ ਛਾਵਾਂ ਦੇਣਗੇ। ਖਬਰੇ, ਉਹ ਹਿਰਖ ਕਰਦੇ ਹਨ ਜਾਂ ਤਵੱਕੋਂ ਕਿ ਕਦੋਂ ਕੋਈ ਗੀਤਕਾਰ, ਸੰਗੀਤਕਾਰ, ਸੁਹਿਰਦ ਸਾਹਿਤਕਾਰ, ਪੱਤਰਕਾਰ ਉਨ੍ਹਾਂ ਦੇ ਗੀਤ ਗਾਵੇ। ਮਾਹੌਲ ਦੇ ਦੁੱਖਾਂ ਦੀ ਦਾਸਤਾਨ ਹੋਰਾਂ ਨੂੰ ਸੁਣਾਵੇ। ---ਤੇ ਕੀ ਇਹ ਸੱਚਮੁਚ ਸਮੇਂ ਦੀ ਸੁਨਾਮੀ ਵਿੱਚ ਰੁੜ੍ਹ ਗਏ ਜਾਂ ਫਿਰ ਹਵਾ ਦੇ ਤੇਜ਼ ਵੇਗ ਵਿੱਚ ਉੜ ਗਏ, ਨਹੀਂ, ਬਿਲਕੁਲ ਨਹੀਂ। ਪਰ ਉਨ੍ਹਾਂ ਬੇਜ਼ੁਬਾਨਿਆਂ ਨੂੰ ਕੋਈ ਕਿਵੇਂ ਭਰੋਸਾ ਤੇ ਹੌਸਲਾ ਦੇਵੇ ਕਿ ਉਹ ਚੇਤੰਨ ਹਨ, ਪਰ ਯੂਰਪ-ਪੱਛਮ ਦੀਆਂ ਬਰਫਾ ਵਾਂਗ ਫੁੱਲ ਹੇਠਾਂ ਦੱਬੇ ਗਏ ਹਨ, ਉਹ ਸਮਾਂ ਪਾ ਕੇ ਖਿੜਨਗੇ, ਜਦੋਂ ਧਰਤੀ ਪਾਸਾ ਪਰਤੇਗੀ, ਜਦੋਂ ਧਰਤੀ ਹੇਠਲਾ ਧੌਲ ਧਰਤੀ ਨੂੰ ਆਪਣੇ ਦੂਜੇ ਸਿੰਗ ਤੇ ਬਦਲੇਗਾ। -----

ਕਈ ਸਦੀਆਂ ਪਹਿਲਾਂ ਸਾਡੇ ਮਹਾਂਪੁਰਖਾਂ ਨੇ ਰੁੱਖਾਂ ਦਾ ਜ਼ਿਕਰ ਭਰਪੂਰ ਪ੍ਰੇਮ ਨਾਲ ਕੀਤਾ ਹੈ।

ਬਾਬਾ ਫਰੀਦ ਜੀ ਰੁੱਖ ਅਤੇ ਦਰਵੇਸ਼ ਦਾ ਵਰਣਨ ਇੰਜ ਕਰਦੇ ਹਨ-

ਫਰੀਦਾ ਸਾਹਿਬ ਦੀ ਕਰਿਚਾ ਕਰੀ ਦਿਲ ਦੀ ਲਾਹਿ ਭਰਾਂਦਿ॥

Fareed, work for your Lord and Master; dispel the doubts of your heart.

ਦਰਵੇਸਾਂ ਨੂੰ ਲੋੜੀਐ ਰੁਖਾਂ ਦੀ ਜੀਰਾਂਦਿ॥

The dervishes, the humble devotees, have the patient endurance of trees.

ਉਪਰੋਕਤ ਲਿਖਤ ਨੂੰ ਵਾਚਦਿਆਂ ਭਾਈ ਗੁਰਦਾਸ ਜੀ ਦੀ ਵਾਰ ਦੀ ਪਉੜੀ ਦੇ ਅਰਥ ਵਧੇਰੇ ਵਿਸ਼ਾਲ ਅਤੇ ਡੂੰਘੇ ਪ੍ਰਤੀਤ ਹੁੰਦੇ ਹਨ। ਇਸ ਦੇ ਮੂਲ ਪਾਠ ਨੂੰ ਅੰਗਰੇਜ਼ੀ ਦੇ ਅਰਥਾਂ ਸਹਿਤ ਪੜ੍ਹਦਿਆਂ ਵਧੇਰੇ ਅੰਨਦ ਪ੍ਰਾਪਤ ਹੁੰਦਾ ਹੈ-

ਧਰਤੀ ਉਤੈ ਰੁਖ ਸਿਰਤ ਲਵਾਇਆ।

The tree on the earth has their heads down towards the bottom

ਆਪਿ ਸਹੰਦੇ ਦੁਖ ਜਗੁ ਵਰੁਸਾਇਆ।

They endure suffering themselves but pour happiness on the world

ਫਲ ਦੇ ਲਾਹਨਿ ਭੁਖ ਵਟਵ ਗਾਇਆ।

Even on being stoned, they offer fruits and quench our hunger.

ਛਾਵ ਘਣੀ ਬਹਿ ਸੁਖ ਮਨੁ ਪਰਚਾਇਆ।

Their shadow is so thick that the mind (and body) enjoys peace.

ਵਢ ਨਿਆਇ ਮਨੁਖ ਆਪਤ ਛਾਇਆ।

If someone cuts them, they offer to be sawed.

ਵਿਰਲੇ ਹੀ ਸਨਮੁਖ ਭਾਣਾ ਭਾਇਆ।


Rare are the persons like tree who accept the will of Lord

----ਅਤੇ ਫਿਰ ਪ੍ਰਿਸੀਪਲ ਸੁਖਵੰਤ ਸਿੰਘ ਦਾ ਯੂਟਿਊਬ ਤੇ

https://www.youtube.com/watch?v=LuKsGvM3MqQ

ਇਸ ਸ਼ਬਦ ਦਾ ਕੀਰਤਨ ਸੁਣਨਾ ਵਧੇਰੇ ਸਾਰਥਕ ਜਾਪਦਾ ਹੈ।

**ਭੁੱਲ ਚੁੱਕ ਖਿਮਾ**



# ਗੁਰਮਤਿ ਸੰਗੀਤ ਦੇ ਰਚਨਾਕਾਰ ਪ੍ਰੋ. ਤਾਰਾ ਸਿੰਘ

**ਡਾ. ਗੁਰਨਾਮ ਸਿੰਘ**

ਗੁਰਮਤਿ ਸੰਗੀਤ ਰਚਨਾਕਾਰ ਪ੍ਰੋਫੈਸਰ ਤਾਰਾ ਸਿੰਘ ਜੀ ਦਾ ਨਾਮ ਗੁਰਮਤਿ ਸੰਗੀਤ ਦੇ ਖੇਤਰ ਵਿਚ ਧਰੂ ਤਾਰੇ ਵਾਂਗ ਚਮਕ ਰਿਹਾ ਹੈ। ਆਪ ਨੂੰ ਅੱਜ ਗੁਰਮਤਿ ਸੰਗੀਤ ਦੇ ਮਹਾਨ ਅਚਾਰੀਆ ਦੇ ਤੌਰ ਤੇ ਜਾਣਿਆ ਜਾਂਦਾ ਹੈ। ਆਪ ਨੇ ਸੰਗੀਤ ਅਤੇ ਗੁਰਮਤਿ ਸੰਗੀਤ ਦੇ ਅਕਾਦਮਿਕ ਖੇਤਰ ਵਿਚ ਕਿਰਿਆਤਮਕ ਅਤੇ ਸਿਧਾਂਤਕ ਪੱਧਰ 'ਤੇ ਮਹਾਨ ਯੋਗਦਾਨ ਪਾਇਆ ਹੈ। ਆਪ ਦੁਆਰਾ ਸਿਖਲਾਈ ਪ੍ਰਾਪਤ ਕੀਤੇ ਵਿਦਿਆਰਥੀਆਂ ਵਿਚੋਂ ਬਹੁਤੇ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਵਿਚ ਉੱਘੇ ਸੰਗੀਤ ਅਧਿਆਪਕ ਹਨ ਅਤੇ ਆਪ ਦੁਆਰਾ ਰਚਿਆ ਸੰਗੀਤ ਤੇ ਗੁਰਮਤਿ ਸੰਗੀਤ ਸਾਹਿਤ ਅੱਜ ਵੀ ਸੰਗੀਤ ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਲਈ ਚਾਨਣ ਮੁਨਾਰੇ ਦਾ ਕੰਮ ਕਰ ਰਿਹਾ ਹੈ।

ਪ੍ਰੋ. ਤਾਰਾ ਸਿੰਘ ਦਾ ਜਨਮ 18 ਸਤੰਬਰ, 1919 ਨੂੰ ਪਿਤਾ ਬਾਰਾ ਸਿੰਘ ਦੇ ਗ੍ਰਹਿ ਪਿੰਡ ਸਿੱਧੂਪੁਰ ਖੁਰਦ ਜਿਲ੍ਹਾ ਰੋਪੜ ਵਿਖੇ ਮਾਤਾ ਰਾਇ ਕੌਰ ਦੀ ਕੁਖੋਂ ਹੋਇਆ। ਆਪ ਨੇ ਮੁਢਲੀ ਸਿੱਖਿਆ ਪਿੰਡ ਦੇ ਗੁਰਦੁਆਰਾ ਸਾਹਿਬ ਵਿਚ ਹੀ ਪ੍ਰਾਪਤ ਕੀਤੀ। ਉਪਰੰਤ ਗੁਰਮਤਿ ਸੰਗੀਤ ਦੀ ਸਿਖਲਾਈ ਪ੍ਰਸਿਧ ਕੀਰਤਨੀਏ ਭਾਈ ਸੰਪੂਰਨ ਸਿੰਘ, ਜੋ ਪੰਡਤ ਦਲੀਪ ਚੰਦਰ ਬੇਦੀ ਦੇ ਗੁਰੂ ਭਾਈ ਤੇ ਤਲਵੰਡੀ ਘਰਾਣੇ ਦੇ ਪ੍ਰਸਿਧ ਗਾਇਕ ਭਾਈ ਉੱਤਮ ਸਿੰਘ ਦੇ ਸ਼ਿਸ਼ ਸਨ, ਤੋਂ ਪ੍ਰਾਪਤ ਕੀਤੀ। ਪ੍ਰੋਫੈਸਰ ਸਾਹਿਬ ਨੇ ਸ੍ਰੀ ਨਿਤਯਾ ਨੰਦ ਚੋਪੜਾ, ਸ੍ਰੀ ਐਨ.ਐਨ.ਘੋਸ਼, ਉਸਤਾਦ ਬਾਸੂ ਖ਼ਾਂ ਅਤੇ ਪੰਡਤ ਵਿਸ਼ਨੂ ਦਿਗੰਬਰ ਪਲੁਸਕਰ ਦੇ ਸ਼ਿਸ਼ ਪੰਡਤ ਐਲ.ਡੀ.ਭਾਗਵਤ ਤੋਂ ਸ਼ਾਸਤਰੀ ਸੰਗੀਤ ਦੇ ਗਾਇਨ ਅਤੇ ਵਾਦਨ ਦੀ ਸਿੱਖਿਆ ਲਈ।

ਪ੍ਰੋ. ਤਾਰਾ ਸਿੰਘ ਦਾ ਪੰਜਾਬ ਵਿਚ ਸੰਗੀਤ ਵਿਸ਼ੇ ਦਾ ਆਰੰਭ ਕਰਨ ਵਿਚ ਬਤੌਰ ਅਧਿਆਪਕ, ਬਤੌਰ ਲੇਖਕ ਬੁਨਿਆਦੀ ਯੋਗਦਾਨ ਰਿਹਾ ਹੈ। ਆਪ ਨੇ ਲਗਭਗ 30 ਸਾਲ ਪੰਜਾਬ ਦੇ ਕਾਲਜਾਂ ਵਿਚ ਵਿਦਿਆਰਥੀਆਂ ਨੂੰ ਸੰਗੀਤ ਸਿੱਖਿਆ ਦਿਤੀ। ਆਪ ਕਈ ਸਾਲ ਸਰਕਾਰੀ ਕਾਲਜ ਪਟਿਆਲਾ (ਲੜਕੀਆਂ) ਦੇ ਪੋਸਟ ਗਰੈਜੁਏਟ ਸੰਗੀਤ ਵਿਭਾਗ ਦੇ ਮੁਖੀ ਰਹੇ। ਆਪ ਨੇ ਸੰਗੀਤ ਸਬੰਧੀ ਜਿਥੇ ਮੌਲਿਕ ਪੁਸਤਕਾਂ ਦੀ ਰਚਨਾ ਕੀਤੀ, ਉਥੇ ਪ੍ਰਸਿੱਧ ਸੰਗੀਤਕਾਰਾਂ ਦੁਆਰਾ ਰਚਿਤ ਪੁਸਤਕਾਂ ਦਾ ਪੰਜਾਬੀ ਵਿਚ ਅਨੁਵਾਦ ਵੀ ਕੀਤਾ। ਸਰਲ ਪੰਜਾਬੀ ਭਾਸ਼ਾ ਵਿਚ ਅਤੇ ਵਿਗਿਆਨਕ ਲੀਹਾਂ ਉਤੇ ਰਚੀਆਂ ਇਹ ਪੁਸਤਕਾਂ ਵਿਦਿਆਰਥੀਆਂ ਅਤੇ ਅਧਿਆਪਕਾਂ ਲਈ ਬਹੁਤ ਲਾਹੇਵੰਦ ਹਨ। ਸੰਗੀਤ ਦੇ ਪਾਠਕ੍ਰਮਾਂ ਨਾਲ ਸਬੰਧਤ ਆਪ ਦੀਆਂ ਕੁਝ ਪੁਸਤਕਾਂ ਇਸ ਪ੍ਰਕਾਰ ਹਨ: ਵਾਦਨ - ਅੱਠਵੀਂ ਸ਼੍ਰੇਣੀ ਲਈ - ਪੰਜਾਬ ਸਕੂਲ ਸਿੱਖਿਆ ਬੋਰਡ, ਵਾਦਨ ਕਲਾ - ਬੀ.ਏ. ਲਈ - ਪੰਜਾਬੀ ਯੂਨੀਵਰਸਿਟੀ, ਪਟਿਆਲਾ, ਸਿਤਾਰ ਤਰੰਗਣੀ - ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੁੱਕ ਬੋਰਡ, ਸੰਗੀਤ ਸ਼ਾਸਤਰ - ਭਾਗ ਪਹਿਲਾ (ਮਹੇਸ਼ ਨਰਾਇਣ ਸਕਸੇਨਾ) ਅਨੁਵਾਦ ਪੰਜਾਬੀ ਯੂਨੀਵਰਸਿਟੀ, ਸੰਗੀਤ ਸ਼ਾਸਤਰ - ਭਾਗ ਦੂਜਾ (ਮਹੇਸ਼ ਨਰਾਇਣ ਸਕਸੇਨਾ) ਅਨੁਵਾਦ ਪੰਜਾਬੀ ਯੂਨੀਵਰਸਿਟੀ, ਪੰਜਾਬ ਦੇ ਪ੍ਰਸਿੱਧ ਸੰਗੀਤਕਾਰ - ਭਾਸ਼ਾ ਵਿਭਾਗ, ਪੰਜਾਬ, ਰਵਾਇਤੀ ਅਤੇ ਆਧੁਨਿਕ ਸੰਗੀਤ ਸਾਜ਼, ਭਾਸ਼ਾ ਵਿਭਾਗ ਪੰਜਾਬ। ਆਪ ਨੇ ਪੰਜਾਬ ਦੀ ਸੰਗੀਤ ਪਰੰਪਰਾ ਵਿਚ ਗਾਇਨ ਅਤੇ

ਵਾਦਨ ਦੀਆਂ ਲਗਭਗ 5000 ਮੌਲਿਕ ਬੰਦਸ਼ਾਂ ਦੀ ਰਚਨਾ ਕੀਤੀ ਹੈ। ਇਸ ਵਿਸ਼ਾਲ ਸੰਖਿਆ ਵਿਚ ਗੁਰਬਾਣੀ ਦੇ ਸ਼ਬਦ ਗਾਇਨ ਦੀਆਂ, ਦਸਮ ਗ੍ਰੰਥ ਦੀਆਂ, ਸ਼ਾਸਤਰੀ ਗਾਇਨ ਦੀਆਂ ਅਤੇ ਵਾਦਨ ਸੰਗੀਤ ਦੀਆਂ ਬੰਦਸ਼ਾਂ ਸ਼ਾਮਲ ਹਨ। ਉੱਤਰ ਭਾਰਤੀ ਸੰਗੀਤਕਾਰਾਂ ਵਲੋਂ ਗਾਇਨ ਕੀਤੇ ਜਾ ਰਹੇ ਖਿਆਲਾਂ ਅਤੇ ਟਪਿਆਂ ਦਾ ਅਧਿਐਨ ਕਰਕੇ ਉਨ੍ਹਾਂ ਦੇ ਪੰਜਾਬੀ ਸਰੂਪ ਨੂੰ ਸੰਭਾਲਿਆ ਅਤੇ ਹਿੰਦੁਸਤਾਨੀ ਸੰਗੀਤ ਵਿਚ ਪੰਜਾਬ ਦੀ ਸੰਗੀਤ ਦੀ ਅਹਿਮ ਭੂਮਿਕਾ ਨੂੰ ਪ੍ਰਕਾਸ਼ਿਤ ਕੀਤਾ। ਸੰਗੀਤ ਦੇ ਰਾਗਾਤਮਕ ਗਾਇਨ ਹਿਤ ਆਪ ਨੇ ਅਨੇਕ ਮੌਲਿਕ ਬੰਦਸ਼ਾਂ ਦੀ ਰਚਨਾ ਵੀ ਕੀਤੀ। ਇਹਨਾਂ ਬੰਦਸ਼ਾਂ ਵਿਚ ਧਰੁਪਦ, ਧਮਾਰ, ਵਿਲੰਬਿਤ ਅਤੇ ਦਰੁਤ ਖਿਆਲ, ਚਤੁਰੰਗ, ਤਰਾਨਾ ਅਤੇ ਤਿਰਵਟ ਸ਼ੈਲੀਆਂ ਸ਼ਾਮਲ ਹਨ। ਰਚੀਆਂ ਗਈਆਂ ਬੰਦਸ਼ਾਂ ਵਿਚ ਗਾਇਨ ਸ਼ੈਲੀਆਂ ਦੀ ਇਹ ਵਿਵਿਧਤਾ ਅਤੇ ਇਹਨਾਂ ਦੀ ਸੁੰਦਰਤਾ ਆਪ ਦੀ ਕਲਾ ਕੌਸ਼ਲਤਾ ਦਾ ਪਰਮਾਣ ਹਨ। ਇਹ ਬੰਦਸ਼ਾਂ ਕਾਵਿਕ ਪਖੋਂ ਵੀ ਉੱਚ ਪਾਇ ਦੀਆਂ ਹਨ। ਭਾਰਤੀ ਸੰਗੀਤ ਦੇ ਖੇਤਰ ਵਿਚ ਆਪ ਦੇ ਯੋਗਦਾਨ ਤੋਂ ਪ੍ਰਭਾਵਿਤ ਹੋ ਕੇ ਪ੍ਰਸਿੱਧ ਸੰਗੀਤਕਾਰ ਸ੍ਰੀ ਨਾਰਾਇਣ ਰਾਓ ਵਿਆਸ ਕਿਹਾ ਕਰਦੇ ਸਨ, "ਪ੍ਰੋ. ਸਾਹਿਬ ਸੰਗੀਤ ਜਗਤ ਕੇ ਪ੍ਰਸਿੱਧ ਅਚਾਰੀਆ ਹੈਂ, ਮੈਂ ਇਨਕੋ ਸੰਗੀਤ ਪਰ ਅਥਾਰਟੀ ਮਾਨਤਾ ਹੂੰ, ਭਾਰਤੀ ਸੰਗੀਤ ਔਰ ਗੁਰਬਾਣੀ ਸੰਗੀਤ ਪਰ ਆਪਨੇ ਬਹੁਤ ਲਾਜਵਾਬ ਔਰ ਮੌਲਿਕ ਕਾਮ ਕੀਆ ਹੈ । ਹਮ ਸਭਕੋ ਇਨਕੇ ਉਪਰ ਅਬ ਭੀ ਬਹੁਤ ਸੀ ਆਸਾਏਂ ਹੈ।"

ਪ੍ਰੋ. ਤਾਰਾ ਸਿੰਘ ਨੇ ਆਪਣੇ ਸੰਗੀਤਕ ਸਫ਼ਰ ਵਿਚ ਅਨੇਕਾਂ ਵਿਦਿਆਰਥਿਆਂ ਨੂੰ ਗੁਰਮਤਿ ਸੰਗੀਤ ਅਤੇ ਸੰਗੀਤ ਨਾਲ ਜੋੜਿਆ। ਆਪ ਦੇ ਵਿਦਿਆਰਥੀਆਂ ਵਿਚ ਨਿੱਕੇ-ਨਿੱਕੇ ਬਾਲਾਂ ਤੋਂ ਲੈ ਕੇ ਪ੍ਰੋੜ ਸੰਗੀਤਕਾਰ ਵੀ ਸ਼ਿਸ਼ ਰਹੇ। ਆਪ ਦੇ ਕੁਝ ਪ੍ਰਮੁਖ ਸ਼ਿਸ਼ਾਂ ਦੇ ਨਾਮਾਂ ਵਿਚੋਂ ਡਾ. ਗੁਰਨਾਮ ਸਿੰਘ(ਇਨ੍ਹਾਂ ਸਤਰਾਂ ਦੇ ਲੇਖਕ), ਡਾ. ਬਚਿੱਤਰ ਸਿੰਘ, ਸ੍ਰੀਮਤੀ ਤਰਲੋਚਨ ਕੌਰ, ਸ੍ਰੀਮਤੀ ਹਰਿੰਦਰ ਕੌਰ, ਡਾ. ਨਿਵੇਦਿਤਾ ਸਿੰਘ, ਡਾ. ਅਲੰਕਾਰ ਸਿੰਘ, ਡਾ. ਜਬਰਜੰਗ ਸਿੰਘ, ਸ੍ਰੀ ਕੇਸਰ ਨਾਥ, ਸ. ਬਲਜੀਤ ਸਿੰਘ, ਸ. ਪਰਮਜੀਤ ਸਿੰਘ, ਸ੍ਰੀ ਗਮਦੂਰ, ਸ੍ਰੀ ਪਰਮਿੰਦਰ ਗੁਰੀ ਆਦਿ ਦੇ ਨਾਮ ਵਰਣਨਯੋਗ ਹਨ। ਪੰਜਾਬ ਦੀਆਂ ਯੂਨੀਵਰਸਿਟੀਆਂ, ਕਾਲਜਾਂ ਅਤੇ ਸਕੂਲਾਂ ਵਿਚ ਕਾਰਜਸ਼ੀਲ ਸੰਗੀਤ ਦੇ ਅਧਿਆਪਕਾਂ ਵਿਚੋਂ ਬਹੁਗਿਣਤੀ ਆਪ ਦੇ ਵਿਦਿਆਰਥੀ ਰਹੇ ਹਨ।

ਵਰਤਮਾਨ ਸਮੇਂ ਗੁਰਮਤਿ ਸੰਗੀਤ ਜਿਨ੍ਹਾਂ ਬੁਲੰਦੀਆਂ ਨੂੰ ਛੂਹ ਰਿਹਾ ਹੈ, ਉਸ ਵਿਚ ਪ੍ਰੋਫੈਸਰ ਤਾਰਾ ਸਿੰਘ ਜੀ ਦਾ ਵਿਸ਼ੇਸ਼ ਯੋਗਦਾਨ ਹੈ। ਗੁਰਮਤਿ ਸੰਗੀਤ ਨੂੰ ਅਕਾਦਮਿਕ ਪੱਧਰ ਦੇ ਯੋਗ ਬਣਾਉਣ ਦਾ ਆਰੰਭ ਪ੍ਰੋਫੈਸਰ ਸਾਹਿਬ ਦੀਆਂ ਲਿਖਤਾਂ ਅਤੇ ਆਪਣੇ ਵਿਦਿਆਰਥੀਆਂ ਨੂੰ ਦਿੱਤੀ ਗੁਰਮਤਿ ਸੰਗੀਤ ਸਿਖਲਾਈ ਨਾਲ ਹੀ ਹੋਇਆ। ਆਪ ਨੇ ਗੁਰਮਤਿ ਸੰਗੀਤ ਅਤੇ ਭਾਰਤੀ ਸ਼ਾਸਤਰੀ ਸੰਗੀਤ ਦਾ ਤੁਲਨਾਤਮਕ ਅਧਿਐਨ ਕਰਕੇ ਗੁਰਮਤਿ ਸੰਗੀਤ ਦੇ ਵਿਲੱਖਣ ਮੁਹਾਂਦਰੇ ਨੂੰ ਉਜਾਗਰ ਕੀਤਾ। ਇਸ ਦੇ ਨਾਲ-ਨਾਲ ਆਪ ਨੇ ਅਕਾਦਮਿਕ ਪੱਧਰ ਉਤੇ ਕੰਮ ਆਉਣ ਵਾਲੇ ਸਾਹਿਤ ਦੀ ਸਿਰਜਨਾ ਕੀਤੀ। ਗੁਰਮਤਿ ਸੰਗੀਤ ਦੇ ਸਿਧਾਂਤ ਨੂੰ ਕਿਰਿਆਤਮਕ ਰੂਪ ਵਿਚ ਵਿਦਿਆਰਥੀਆਂ ਨੂੰ ਸਿਖਾਇਆ ਅਤੇ ਇਸ ਨੂੰ ਸਫਲ ਢੰਗ ਨਾਲ ਪ੍ਰਦਰਸ਼ਤ ਤੇ ਪ੍ਰਚਾਰਿਤ ਵੀ ਕੀਤਾ।

ਪ੍ਰੋ. ਤਾਰਾ ਸਿੰਘ ਨੇ ਪਹਿਲੀ ਵਾਰ ਗੁਰਮਤਿ ਸੰਗੀਤ ਦਾ ਡੂੰਘਾ ਅਧਿਐਨ ਕਰਕੇ ਇਸ ਦੇ ਮੌਲਿਕ ਨਿਯਮਾਂ ਨੂੰ ਉਜਾਗਰ ਕੀਤਾ। ਆਪ ਗੁਰਮਤਿ ਸੰਗੀਤ ਨੂੰ ਇਕ ਵਿਲੱਖਣ ਸੰਗੀਤ ਪੱਧਤੀ ਮੰਨਦੇ ਸਨ। ਇਸ ਸਬੰਧੀ ਆਪ ਨੇ ਗੁਰੂ ਸਾਹਿਬਾਨ ਦੇ ਜੀਵਨ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਡੂੰਘਾ ਅਧਿਐਨ ਕੀਤਾ। ਇਸ ਦੇ ਨਾਲ-ਨਾਲ ਉਨ੍ਹਾਂ ਨੇ ਭਾਰਤੀ ਸੰਗੀਤ ਦੀ ਮੱਧਕਾਲੀਨ ਪਰੰਪਰਾ ਦਾ ਵੀ ਵਿਸ਼ੇਸ਼ ਅਧਿਐਨ ਕਰਕੇ ਗੁਰਮਤਿ ਸੰਗੀਤ ਨੂੰ ਇਕ ਮੌਲਿਕ ਵਿਧਾ ਵਜੋਂ ਸਥਾਪਿਤ ਕਰਨ ਦਾ ਯਤਨ ਕੀਤਾ।ਆਪ ਨੇ ਆਪਣੀਆਂ ਪੁਸਤਕਾਂ ਵਿਚ ਸੁਰਲਿਪੀਆਂ ਤਿਆਰ ਕਰਨ ਸਮੇਂ ਗੁਰਮਤਿ ਸੰਗੀਤ ਦੇ ਸਿਧਾਂਤਾਂ ਨੂੰ ਪੂਰੀ ਤਰ੍ਹਾਂ ਅਪਨਾਉਣ ਦੀ ਕੋਸ਼ਿਸ਼ ਕੀਤੀ।

ਗੁਰਮਤਿ ਸੰਗੀਤ ਦੇ ਮਹਾਨ ਰਚਨਾਕਾਰ ਪ੍ਰੋ. ਤਾਰਾ ਸਿੰਘ ਵਲੋਂ ਗੁਰਮਤਿ ਸੰਗੀਤ ਦੇ ਅੰਤਰਗਤ ਵਿਸ਼ਾਲ ਸੁਰਲਿਪੀ ਬੱਧ ਕਾਰਜ ਕੀਤਾ ਗਿਆ ਹੈ। ਆਪ ਦੀ ਪ੍ਰਥਮ ਗੁਰਮਤਿ ਸੰਗੀਤ ਰਚਨਾਵਲੀਆਂ ਦੀ ਪੁਸਤਕ 'ਸ੍ਰੀ ਗੁਰੂ ਤੇਗ ਬਹਾਦਰ ਰਾਗ ਰਤਨਾਵਲੀ' 1977 ਵਿਚ ਪ੍ਰਕਾਸ਼ਿਤ ਹੋਈ। ਇਸ ਪੁਸਤਕ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਨੂੰ ਸੁਰਲਿਪੀ ਬੱਧ ਕੀਤਾ ਗਿਆ ਹੈ। ਇਸ ਦੇ ਅੰਤਰਗਤ 125 ਸ਼ਬਦ ਕੀਰਤਨ ਰਚਨਾਵਾਂ ਨੂੰ ਵੱਖ-ਵੱਖ 26 ਰਾਗਾਂ ਵਿਚ ਤਾਲ ਬੱਧ ਕੀਤਾ ਗਿਆ ਹੈ। ਇਸ ਤੋਂ ਇਲਾਵਾ 1979 ਵਿਚ ਆਪ ਵਲੋਂ ਰਚੀ ਪੁਸਤਕ 'ਗੁਰੂ ਅਮਰਦਾਸ ਰਾਗ ਰਤਨਾਵਲੀ' ਵਿਚ ਗੁਰਮਤਿ ਸੰਗੀਤ ਦੀਆਂ 29 ਸ਼ਬਦ ਕੀਰਤਨ ਰਚਨਾਵਾਂ ਨਿਰਧਾਰਤ 24 ਰਾਗਾਂ ਅਧੀਨ ਸੁਰਲਿਪੀ ਬੱਧ ਹਨ। ਸੰਨ 1991 ਵਿਚ ਗੁਰਮਤਿ ਸੰਗੀਤ ਦੀ ਵਿਲੱਖਣ ਗਾਇਨ ਸ਼ੈਲੀ 'ਪੜਤਾਲ' 'ਤੇ ਆਪ ਦੀ ਪੁਸਤਕ 'ਪੜਤਾਲ ਗਾਇਕੀ' ਪ੍ਰਕਾਸ਼ਿਤ ਹੋਈ। ਇਸ ਪੁਸਤਕ ਵਿਚ ਨਿਰਧਾਰਤ 14 ਰਾਗਾਂ ਅਧੀਨ 55 ਪੜਤਾਲਾਂ ਰਚੀਆਂ ਗਈਆਂ। ਇਸੇ ਤਰ੍ਹਾਂ 1991 ਵਿਚ ਹੀ 'ਸ੍ਰੀ ਗੁਰੂ ਗ੍ਰੰਥ ਸਾਹਿਬ ਰਾਗ ਰਤਨਾਵਲੀ' ਪ੍ਰਕਾਸ਼ਿਤ ਹੋਈ। ਇਸ ਪੁਸਤਕ ਦੇ ਅੰਤਰਗਤ ਕੁਲ 65 ਰਾਗਾਂ ਅਧੀਨ 66 ਸ਼ਬਦ ਕੀਰਤਨ ਰਚਨਾਵਾਂ ਅੰਕਿਤ ਹਨ। ਗੁਰਮਤਿ ਸੰਗੀਤ ਦੀ ਇਸੇ ਲੜੀ ਵਿਚ ਆਪ ਦੀ ਪੁਸਤਕ 'ਭਗਤ ਰਾਗ ਰਤਨਾਵਲੀ' 1992 ਵਿਚ ਪ੍ਰਕਾਸ਼ਿਤ ਹੋਈ। ਇਸ ਪੁਸਤਕ ਵਿਚ ਨਿਰਧਾਰਤ 31 ਰਾਗਾਂ ਦੇ ਅੰਤਰਗਤ 90 ਸ਼ਬਦ ਕੀਰਤਨ ਰਚਨਾਵਾਂ ਅੰਕਿਤ ਹਨ। ਸੰਨ 1993 ਵਿਚ ਆਪ ਦੀ ਪੁਸਤਕ 'ਸ੍ਰੀ ਗੁਰੂ ਅੰਗਦ ਦੇਵ ਰਾਗ ਰਤਨਾਵਲੀ' ਪ੍ਰਕਾਸ਼ਿਤ ਹੋਈ ਜਿਸ ਵਿਚ ਗੁਰੂ ਅੰਗਦ ਦੇਵ ਜੀ ਦੀ ਬਾਣੀ ਨੂੰ ਨਿਰਧਾਰਤ ਰਾਗਾਂ ਵਿਚ ਸੁਰਲਿਪੀ ਬੱਧ ਕੀਤਾ ਗਿਆ ਹੈ। ਇਸ ਪੁਸਤਕ ਵਿਚ 11 ਰਾਗਾਂ ਵਿਚ ਕੁਲ 62 ਸ਼ਬਦ ਕੀਰਤਨ ਰਚਨਾਵਾਂ ਅੰਕਿਤ ਹਨ। ਸੰਨ 1994 ਵਿਚ ਆਪ ਦੀ ਇਕ ਹੋਰ ਪੁਸਤਕ 'ਗੁਰੂ ਗੋਬਿੰਦ ਸਿੰਘ ਰਾਗ ਰਤਨਾਵਲੀ' ਪ੍ਰਕਾਸ਼ਿਤ ਹੋਈ ਜਿਸ ਵਿਚ ਦਸਮ ਗੁਰੂ ਦੀ ਬਾਣੀ ਨੂੰ 38 ਰਾਗਾਂ ਦੇ ਅੰਤਰਗਤ 50 ਸ਼ਬਦ ਕੀਰਤਨ ਰਚਨਾਵਾਂ ਵਿਚ ਸੁਰਲਿਪੀ ਬੱਧ ਕੀਤਾ ਗਿਆ ਹੈ। ਸੰਨ 1995 ਵਿਚ ਆਪ ਦੀ ਪੁਸਤਕ 'ਗੁਰੂ ਰਾਮਦਾਸ ਰਾਗ ਰਤਨਾਵਲੀ' ਪ੍ਰਕਾਸ਼ਿਤ ਹੋਈ। ਇਸ ਪੁਸਤਕ ਵਿਚ ਗੁਰੂ ਰਾਮਦਾਸ ਜੀ ਨਾਲ ਸਬੰਧਤ ਬਾਣੀ ਨੂੰ ਸੁਰਲਿਪੀ ਬੱਧ ਕੀਤਾ ਗਿਆ ਹੈ। ਇਸ ਪੁਸਤਕ ਵਿਚ 74 ਰਾਗਾਂ ਅਧੀਨ 293 ਸ਼ਬਦ ਕੀਰਤਨ ਰਚਨਾਵਾਂ ਅੰਕਿਤ ਹਨ। ਆਪ ਜੀ ਦੁਆਰਾ ਇਨ੍ਹਾਂ ਪੁਸਤਕਾਂ ਦੀਆਂ ਸ਼ਬਦ ਕੀਰਤਨ

ਰਚਨਾਵਾਂ ਹਿਤ ਵੱਖ-ਵੱਖ 16 ਤਾਲਾਂ ਨੂੰ ਪ੍ਰਯੋਗ ਕੀਤਾ ਗਿਆ ਹੈ। ਪ੍ਰੋ. ਸਾਹਿਬ ਦੇ ਕਾਰਜ ਦੀ ਵਿਸ਼ੇਸ਼ਤਾ ਰਹੀ ਹੈ ਕਿ ਇਸ ਕਾਰਜ ਹਿਤ ਆਪ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਗੀਤ ਵਿਧਾਨ ਦਾ ਪੂਰਨ ਅਨੁਸਰਣ ਕੀਤਾ ਗਿਆ ਹੈ। ਇਸ ਤੋਂ ਇਲਾਵਾ ਆਪ ਦੇ ਅਪ੍ਰਕਾਸ਼ਿਤ ਖਰੜੇ 'ਗੁਰੂ ਨਾਨਕ ਰਾਗ ਰਤਨਾਵਲੀ', 'ਕਬੀਰ ਰਾਗ ਰਤਨਾਵੀ' ਆਦਿ ਵੀ ਉਪਲੱਬਧ ਹਨ ਜਿਨ੍ਹਾਂ ਵਿਚ ਗੁਰਮਤਿ ਸੰਗੀਤ ਦੀਆਂ ਅਨਮੋਲ ਸ਼ਬਦ ਕੀਰਤਨ ਰਚਨਾਵਾਂ ਦਰਜ ਹਨ। **ਸਾਧਨਾਂ ਦੀ ਅਣਹੋਂਦ ਕਾਰਨ ਇਨ੍ਹਾਂ ਨੂੰ ਪ੍ਰਕਾਸ਼ਿਤ ਨਹੀਂ ਕਰਵਾਇਆ ਜਾ ਸਕਿਆ। ???** ਉਕਤ ਕਾਰਜ ਤੋਂ ਆਪ ਵਲੋਂ ਗੁਰਮਤਿ ਸੰਗੀਤ ਦੇ ਖੇਤਰ ਵਿਚ ਕੀਤੀ ਸਖਤ ਤੇ ਕਰੜੀ ਸਾਧਨਾ ਦੇ ਪ੍ਰਤੱਖ ਦੀਦਾਰ ਹੋ ਜਾਂਦੇ ਹਨ।

ਦੇਸ਼ ਵਿਦੇਸ਼ ਵਿਚ ਬੈਠੇ ਗੁਰਮਤਿ ਸੰਗੀਤ ਖੋਜਾਰਥੀਆਂ, ਵਿਦਿਆਰਥੀਆਂ ਅਤੇ ਪਾਠਕਾਂ ਲਈ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਸਥਾਪਿਤ ਭਾਈ ਰਣਧੀਰ ਸਿੰਘ ਆਨ-ਲਾਈਨ ਗੁਰਮਤਿ ਸੰਗੀਤ ਲਾਇਬਰੇਰੀ ਵਲੋਂ ਪ੍ਰੋ. ਤਾਰਾ ਸਿੰਘ ਦੀਆਂ ਗੁਰਮਤਿ ਸੰਗੀਤ ਦੀਆਂ ਉਕਤ ਪ੍ਰਕਾਸ਼ਿਤ ਪੁਸਤਕਾਂ ਡਿਜ਼ੀਟਾਈਜ਼ਡ ਕਰਨ ਉਪਰੰਤ ਵੈਬਸਾਈਟ www.gurmatsangeetlibrary.com 'ਤੇ ਅਪਲੋਡ ਕੀਤੀਆਂ ਗਈਆਂ ਹਨ।

ਪ੍ਰੋਫੈਸਰ ਤਾਰਾ ਸਿੰਘ ਵਲੋਂ ਆਪਣੀਆਂ ਸ਼ਬਦ ਕੀਰਤਨ ਰਚਨਾਵਾਂ ਵਿਚ ਪ੍ਰਯੁਕਤ ਇਨ੍ਹਾਂ ਸਿਧਾਂਤਾਂ ਨੂੰ ਕੇਵਲ ਪੁਸਤਕਾਂ ਵਿਚ ਹੀ ਵਰਣਿਤ ਨਹੀਂ ਕੀਤਾ ਸਗੋਂ ਵਿਹਾਰਕ ਪੱਧਰ 'ਤੇ ਆਪਣੇ ਵਿਦਿਆਰਥੀਆਂ ਨੂੰ ਸਿਖਲਾਈ ਦੇ ਕੇ ਗੁਰਮਤਿ ਸੰਗੀਤ ਦੇ ਟਕਸਾਲੀ ਸਰੂਪ ਨੂੰ ਸਟੇਜਾਂ ਉਤੇ ਵੀ ਸਫਲਤਾ ਪੂਰਵਕ ਪ੍ਰਦਸ਼ਿਤ ਕੀਤਾ। ਗੁਰਮਤਿ ਸੰਗੀਤ ਦੀ ਅਕਾਦਮਿਕ ਪੱਧਰ ਉਤੇ ਸਥਾਪਨਾ ਹੋਣਾ ਪ੍ਰੋਫੈਸਰ ਤਾਰਾ ਸਿੰਘ ਹੋਰਾਂ ਦੁਆਰਾ ਉਲੀਕੇ ਇਕ ਨਕਸ਼ੇ ਦੇ ਆਧਾਰ ਤੇ ਇਕ ਇਮਾਰਤ ਦੇ ਉਸਰਣ ਵਾਂਗ ਹੈ।

**ਬਾਨੀ, ਪ੍ਰੋਫੈਸਰ ਤੇ ਮੁਖੀ, ਗੁਰਮਤਿ ਸੰਗੀਤ ਚੇਅਰ**
**ਗੁਰਮਤਿ ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ**

# ਭਾਈ ਦਵਿੰਦਰ ਪ੍ਰਤਾਪ ਸਿੰਘ ਭਾਈ ਮਹਿੰਦਰ ਪ੍ਰਤਾਪ ਸਿੰਘ

**ਡਾ ਜਾਗੀਰ ਸਿੰਘ**

ਪਿੱਛੇ ਜਿਹੇ ਭਾਈ ਦਵਿੰਦਰ ਪ੍ਰਤਾਪ ਸਿੰਘ ਮਹਿੰਦਰ ਪ੍ਰਤਾਪ ਸਿੰਘ ਅਮਰੀਕਾ ਤੋਂ ਪ੍ਰਾਚੀਨ ਕਲਾ ਕੇਂਦਰ ਚੰਡੀਗੜ੍ਹ ਆਏ। ਉਹਨਾਂ ਇੱਥੇ ਆਪਣੇ ਨਿਵੇਕਲੇ ਅੰਦਾਜ਼ ਵਿੱਚ ਗੁਰਬਾਣੀ ਗਾਇਨ ਕੀਤਾ। ਦੇਸ ਵਿਦੇਸ ਵਿੱਚ ਇਹਨਾਂ ਨੂੰ ਪ੍ਰਤਾਪ ਬ੍ਰਦਰਜ਼ ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ। ਇਹਨਾਂ ਦੇ ਪਿਤਾ ਜੀ ਭਾਈ ਪ੍ਰਤਾਪ ਸਿੰਘ ਇੱਕ ਨਾਮਵਰ ਉਸਤਾਦ ਕੀਰਤਨੀਏ ਹੋਏ ਹਨ। ਜਿਹਨਾਂ ਨੇ ਪ੍ਰਸਿੱਧ ਰਾਗੀਆਂ ਰਬਾਬੀਆਂ ਦੀ ਸੰਗਤ ਵਿੱਚ ਰਹਿ ਕੇ ਸੰਗੀਤ ਵਿਦਿਆ ਹਾਸਲ ਕੀਤੀ। ਉਹਨਾਂ ਦੀ ਵਿਦਵਤਾ ਦਾ ਜ਼ਿਕਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪ੍ਰਕਾਸ਼ਿਤ ਪੁਸਤਕ ਗੁਰਮਤਿ ਸੰਗੀਤ ਵਿੱਚ ਸ੍ਰ. ਗਿਆਨ ਸਿੰਘ ਜੀ ਨੇ ਵੀ ਕੀਤਾ ਹੈ। ਪ੍ਰਤਾਪ ਸਿੰਘ ਜੀ ਦਾ ਜ਼ਿਕਰ ਭਾਈ ਅਵਤਾਰ ਸਿੰਘ,ਭਾਈ ਗੁਰਚਰਨ ਸਿੰਘ, ਪ੍ਰਾਚੀਨ ਰੀਤਰਤਨਾਵਲੀ,ਪ੍ਰਿੰਸੀਪਲ ਦਿਆਲ ਸਿੰਘ ਸੰਗੀਤ ਵਿਦਿਆਲਾ ਰਕਾਬ ਗੰਜ ਸਾਹਿਬ ਵਾਲੇ ਵੀ ਬੜੇ ਆਦਰ ਸਹਿਤ ਕਰਦੇ ਰਹੇ ਹਨ। ਭਾਈ ਪ੍ਰਤਾਪ ਸਿੰਘ ਜਿਹਨਾਂ ਨੂੰ ਬਾਦ ਵਿੱਚ ਸੰਤ ਪ੍ਰਤਾਪ ਸਿੰਘ ਵਜੋਂ ਵੀ ਯਾਦ ਕੀਤਾ ਜਾਂਦਾ ਹੈ ਨੇ ਭਾਈ ਤਾਬਾ ਜੀ ਪਾਸੋਂ ਸੰਗੀਤ ਸਿੱਖਿਆ ਹਾਸਲ ਕੀਤੀ। ਉਹਨਾਂ ਨੂੰ ਭਾਈ ਲਾਲ, ਭਾਈ ਸਾਂਈ ਦਿੱਤਾ,ਬਾਬਾ ਮਲੰਗ ਭਾਈ ਦੇਸਾ, ਭਾਈ ਸੁੰਦਰ ਸਿੰਘ ਆਦਿ ਗੁਰਮਤਿ ਸੰਗੀਤ ਦੇ ਮਹਾਨ ਰਾਗੀਆਂ ਰਬਾਬੀਆਂ ਦੀ ਸੰਗਤ ਕਰਨ ਦਾ ਅਵਸਰ ਪ੍ਰਦਾਨ ਹੋਇਆ। ਉਹਨਾਂ ਦੇ ਸਪੁੱਤਰਾਂ ਦਵਿੰਦਰ ਸਿੰਘ ਅਤੇ ਮਹਿੰਦਰ ਸਿੰਘ ਨੇ ਆਪਣੀ ਪਿਤਾ ਪੁਰਖੀ ਵਿਰਾਸਤ ਚੰਗੀ ਤਰ੍ਹਾਂ ਆਤਮਸਾਤ ਕੀਤਾ। ਜਦੋਂ ਮੈਂ ਇਹਨਾਂ ਨੂੰ ਚਡੀਗੜ੍ਹ ਸੁਣਿਆ ਤਾਂ ਜਾਪਿਆ ਜਿਵੇਂ ਇਹ ਗੁਰਮਤਿ ਸੰਗੀਤ ਦੇ ਗਿਆਨ ਨਾਲ ਨੱਕੋਨੱਕ ਭਰੇ ਹੋਣ। ਇਹ ਗਿਆਨ ਸੰਗਤਾਂ ਵਿੱਚ ਵੰਡਣ ਲਈ ਬਹੁਤ ਉਤਾਵਲੇ ਜਾਪੇ। ਇਹਨਾਂ ਦੀ ਅਗਲੇਰੀ ਪੀਹੜੀ ਵਿੱਚੋਂ ਕਬੀਰ ਪ੍ਰਤਾਪ ਸਿੰਘ ਵੀ ਇਸ ਗਿਆਨ ਅਤੇ ਆਪਣੀ ਵਿਰਾਸਤ ਨੂੰ ਸੰਭਾਲਣ ਲਈ ਪੂਰੀ ਜ਼ਿੰਮੇਵਾਰੀ ਨਾਲ ਕੋਸ਼ਿਸ਼ ਕਰ ਰਿਹਾ ਹੈ।

ਇਸੇ ਪ੍ਰਸੰਗ ਵਿੱਚ ਜਦੋਂ ਮੈ ਕੀਰਤਨ ਸੇਵਾ ਮਲੇਸ਼ੀਆ ਦੀ ਵੈਬ ਸਾਈਟ ਦੇਖੀ ਤਾਂ ਇੱਥੇ ਅਮਰਦੇਵ ਸਿੰਘ ਅਤੇ ਕਬੀਰ ਪ੍ਰਤਾਪ ਸਿੰਘ ਨੇ ਇਹਨਾਂ ਬਾਰੇ ਬਹੁਤ ਵਧੀਆ ਲੇਖ ਅੰਗਰੇਜ਼ੀ ਅੰਕਿਤ ਕੀਤਾ ਹੋਇਆ ਹੈ। ਅਮਰਦੇਵ ਸਿੰਘ ਵੀ ਕੀਰਤਨੀਆਂ ਦੇ ਕੀਰਤਨ ਦੀ ਸੰਭਾਲ ਲਈ ਬਹੁਤ ਉੱਤਮ ਕਾਰਜ ਕਰ ਰਿਹਾ ਹੈ। ਉਸ ਦੀ ਜਿਤਨੀ ਵੀ ਸ਼ਲਾਘਾ ਕੀਤੀ ਜਾਵੇ ਥੋਹੜੀ ਹੈ।

ਇਸ ਲਿੰਕ ਵਿੱਚ ਪ੍ਰਤਾਪ ਸਿੰਘ ਜੀ ਜਿਹਨਾਂ ਨੂੰ ਸੰਤ ਪ੍ਰਤਾਪ ਸਿੰਘ ਕਰਕੇ ਵੀ ਲਿਖਿਆ ਗਿਆ ਹੈ ਦੇ ਸ਼ਬਦ ਸ੍ਰੀ ਰਾਗ ਰੂਪਕ ਤਾਲ ਅਤੇ ਕਾਨੜਾ ਤਿੰਨ ਤਾਲ ਵਿੱਚ ਜੋ ਉਹਨਾਂ ਨੇ ਭਾਈ ਰਾਮ ਸਿੰਘ ਜੀ ਨਾਲ ਮਿਲ ਕੇ ਗਾਇਨ ਕੀਤੇ ਹਨ ਸ਼ਬਦ ਵੀ ਰਿਕਾਰਡ ਕੀਤੇ ਹਨ।

ਭਾਈ ਦਵਿੰਤਰ ਪ੍ਰਤਾਪ ਸਿੰਘ ਅਤੇ ਮਹਿੰਦਰਪ੍ਰਤਾਪ ਸਿੰਘ ਦੇ ਤਾਂ ਬਹੁਤ ਸ਼ਬਦ ਦਿੱਤੇ ਹਨ।

ਇਹਨਾਂ ਦਾ ਅਨੰਦ ਤਾਂ ਤੁਸੀਂ ਇਸ ਵੈਬ ਸਾਈਟhttps://kirtansewa.net/index.php/sant-partap-singh-and-the-partap-brothers

ਤੇ ਜਾ ਕੇ ਲੈ ਸਕਦੇ ਹੋ। ਅਮਰਦੇਵ ਸਿੰਘ ਅਤੇ ਕਬੀਰ ਪ੍ਰਤਾਪ ਸਿੰਘ ਵੱਲੋਂ ਅੰਕਿਤ ਲੇਖ ਮੂਲ ਰੂਪ ਅੰਗਰੇਜ਼ੀ ਵਿੱਚ ਅਸੀਂ ਪ੍ਰਕਾਸ਼ਿਤ ਕਰ ਰਹੇ ਹਾਂ।

I was blessed with the opportunity to have Sant Partap Singh Ji and the Partap brothers perform Kirtan at my home during their trip to Malaysia approximately 15 years ago. Since then, my Dad and I have been big fans of their traditional style of Kirtan and their ability to perform in various Raags set to complex Taals. I would like to thank Veer Kabir Singh, who is the son of

Bhai Mohinder Partap Singh Ji for providing us with the biography below.

The Partap Brothers are proud ambassadors of the Sikh community. They have spent more than 3 decades in North America and abroad perfecting their talent. Their absolute dedication to classical Kirtan, or the musical recitation of sacred Sikh texts, is of great pride to Sikhs everywhere. The poetry and philosophy of the Guru Granth Sahib, Sikhism's most holy scripture, is the richest source of spiritual inspiration for the Sikh people. Music, it can be argued, offers a more direct and contemplative means of communing with these holy words. The Partap Brothers and their supporters are energized by the notion that generations to come, of all faiths, will be able to appreciate, and find a sense of spiritual solace, in these transcendent Kirtan.

The great Sant Partap Singh Ji was born on May 2nd, 1929 to Balwant Singh and Gulab Kaur in Bohar Wala Wadala, a village in the Indian State of Punjab. He began performing harmonium and singing at age 10, learning from legendary Rababis, Bhai Taba and Bhai Lal Amritsari (Fakhre a-Punjab). He was encouraged by his parents to pursue Kirtan, or the musical narration of holy Sikh scriptures, and by the age of 18, Sant Partap Singh Ji had become head Ragi (musician) in the Gurdwaras of Dera Sahib and Nankana Sahib before partition, as well as Gurdwara Sis Ganj in Delhi, India and Patna Sahib. Of all of his great performances, he has the fondest memories of playing music at these renowned Sikh temples.

Sant Partap Singh Ji later mastered the violin and piano, and is known around the world for his singing of classical Indian ragas, light classical ragas, Thumri, and Puratan-style Kirtan. He draws inspiration not only from classical Kirtan, but all genres of Indian classical music. He credits the great Bhai Taba ji with his training.

In 1952, at the age of 22, Sant Partap Singh Ji became the first Ragi to perform in Burma accompanied by his brother Bhai Ram Singh Ji. On the same trip, he visited Malaysia and Singapore, performing to audiences in both nations. In 1968, Sant Partap Singh Ji traveled to Afghanistan, Iran, and Iraq to perform, ending in England, where he would later visit with his family. Throughout his illustrious career, Sant Partap Singh Ji has had the great honor of performing alongside Ustad Mian Qadir Baksh (the great maestro of

tabla), Bhai Taba Ji, Bhai Lal Ji, Bhai Sunder Singh Ji, Baba Malang Ji, Bhai Sain Ditta Ji, Bhai Santu Ji, and Bhai Desa Ji—all renowned Sikh, Hindu and Muslim performers who united to perform prior to the Partition of India. The great Sant Sujan Singh was also an admirer. He not only enjoyed listening to Sant Partap Singh Ji's Kirtan—he also regularly joined Sant Partap Singh after Kirtan to reflect on the performance, and often sang Sant Partap Singh Ji's compositions in his own performances.

In 1944, Sant Partap Singh married Jaswant Kaur, with whom he had 8 children, including Davinder, Mohinder, and Ravinder—The Partap Brothers—each of whom has gained global recognition in their own right. He visited the United Kingdom in 1972, and shortly after that, he traveled to Canada and the United States of America. In 2013, Sant Partap Singh Ji was recognized as one of the most senior Ragis of his era. Sant Partap Singh Ji passed peacefully on October 16th, 2018 at the age of 96. He credited his health and mental dexterity to his passion for performing Gurmat Sangeet daily. He was surrounded by family and loved ones.

Davinder Partap Singh, the eldest of The Partap Brothers, was born in Sangrur, Punjab on January 4th, 1955. At only 10 years old, Davinder embarked on a life of musical study and spiritual exploration. As a student of the prestigious Guru Tegh Bahadur Khalsa School in New Delhi, Davinder learned to confront the challenges of performance and practice. Once, when his entire school was congregated for daily prayers, Davinder did not meet the expectations of his music teacher. As a result, his music teacher reprimanded him before his fellow students. The teacher, instantly regretting his rashness, apologized to Davinder, stating that it was only because he expected more from him. His teacher blessed him by saying, “May your every performance shine with luminosity”. Though it may have been a painful moment, these words are inscribed on Davinder's heart.

In his teenage years, Davinder accompanied his father, Sant Partap Singh (a musical icon in his own right) on travels to perform in India and abroad. In 1969, Davinder was the youngest musician in history to receive first prize in the Guru Nanak Dev University contest of 1969, held on the occasion of Guru Nanak's 500th birthday.

Through his passion for string instruments, he mastered the violin, the sarangi, the dilruba, taus, and rabab. Upon completing his formal education, Sant Partap Singh Ji invited Davinder to perform with him on a full time basis. Over the years, Davinder has been credited with reintroducing complex Taals (or beat cycles) in Gurmat Sangeet. He is known internationally as a master of the genre and carries his own unique style.

Davinder traveled to Canada in 1978 to tour the nation with his brother Mohinder and father, Sant Partap Singh Ji. In 1980, Davinder settled in the United States, later marrying Preetinder Kaur, with whom Davinder has four beautiful and successful children. Davinder has had the immense privilege of performing on every continent, and in all 50 states. While exploring the world as a musical ambassador of the Sikh people was a great honor, coming to the United States to live and share his music was the fulfillment of a lifelong dream.

Today, his life duties fulfilled, Davinder can focus full-heartedly on music. He desires little else than the time to practice and perform, believing that spiritual music will leave the world a more peaceful, unified, and spiritually elevated place. His greatest inspirations were, and always will be, his mother, Jaswant Kaur, herself a great vocalist, and his teacher, the great Jagjit Singh Taras. Although Davinder took The Partap Brothers to new heights, he still credits his musical journey to his father, the great Sant Partap Singh Ji.

# ਕਾਵਿ ਅਤੇ ਸੰਗੀਤ: ਅੰਤਰ-ਸੰਬੰਧ

ਪਵਨਦੀਪ ਕੁਮਾਰ

## ਰਾਗ ਦਾ ਮਨੋਵਿਗਿਆਨਕ ਪ੍ਰਭਾਵ

ਗਿਆਨ-ਵਿਗਿਆਨ ਦੇ ਦੌਰ ਵਿਚ ਵਿਸ਼ਵ ਪੱਧਰ 'ਤੇ ਨਵੇਂ-ਨਵੇਂ ਪ੍ਰਯੋਗ ਹੋ ਰਹੇ ਹਨ। ਜਦੋਂ ਇਹ ਪ੍ਰਯੋਗ ਜ਼ਿੰਦਗੀ ਦਾ ਅਨਿੱਖੜਵਾਂ ਅੰਗ ਬਣ ਜਾਂਦੇ ਹਨ ਤਾਂ ਮਨੁੱਖ ਜੀਵਨ ਵਿਚ ਨਵੀਨ ਖੋਜਾਂ ਵਿਚ ਵੀ ਰੁੱਚੀ ਲੈਣ ਲੱਗ ਪੈਂਦਾ ਹੈ। ਸੰਗੀਤ ਆਪਣੇ ਆਪ ਵਿਚ ਇੱਕ ਪੂਰਨ ਵਿਗਿਆਨ ਹੈ, ਪਰ ਅਜੇ ਇਸਨੂੰ ਹੋਰ ਵਿਗਿਆਨਾਂ ਵਾਂਗ ਸਪੱਸ਼ਟ ਤੇ ਉਚਿਤ ਨਤੀਜਿਆਂ ਤੱਕ ਪਹੁੰਚਾਉਣ ਲਈ ਸਖ਼ਤ ਮਿਹਨਤ ਦੀ ਲੋੜ ਹੈ। ਕੁਝ ਸਮੇਂ ਤੋਂ ਵਿਗਿਆਨੀਆਂ ਦਾ ਸੰਗੀਤ ਪ੍ਰਤੀ ਦ੍ਰਿਸ਼ਟੀਕੋਣ ਬਦਲਿਆ ਹੈ, ਪਰੰਤੂ ਜ਼ਿਆਦਾਤਰ ਵਿਗਿਆਨੀ ਵਿਵਹਾਰਿਕ ਗਿਆਨ ਦੀ ਘਾਟ ਕਾਰਣ ਸੰਗੀਤ ਵਿਸ਼ੇ ਨੂੰ ਆਪਣੀ ਖੋਜ ਦਾ ਹਿੱਸਾ ਨਹੀਂ ਬਣਾ ਸਕੇ। ਪ੍ਰਾਚੀਨ ਸਮੇਂ ਤੋਂ ਹੀ ਧੁਨੀ ਪ੍ਰਭਾਵਾਂ ਦੀ ਚਰਚਾ ਵੱਖ-ਵੱਖ ਕਥਾਵਾਂ ਵਿਚ ਮਿਲਦੀ ਹੈ। ਉਨ੍ਹਾਂ ਕਥਾਵਾਂ ਵਿਚ ਬਹੁਤ ਸਾਰੇ ਹਵਾਲੇ ਅਜਿਹੇ ਮਿਲਦੇ, ਜਿਨ੍ਹਾਂ ਵਿਚ ਜੀਵ ਦੇ ਵਿਵਹਾਰ 'ਤੇ ਸੰਗੀਤ ਦੇ ਪ੍ਰਭਾਵਾਂ ਬਾਰੇ ਚਰਚਾ ਕੀਤੀ ਗਈ ਹੈ। ਮਾਨਵੀ ਪ੍ਰਗਟਾਵੇ ਦਾ ਉੱਤਮ ਅਤੇ ਮੁਖ ਸ੍ਰੋਤ ਨਾਦ(ਆਵਾਜ਼) ਹੈ। ਸੰਸਾਰ 'ਤੇ ਆਵਾਜ਼ ਤੋਂ ਉੱਤਮ ਸੰਵੇਦਨਸ਼ੀਲਤਾ ਦਾ ਹੋਰ ਕੋਈ ਸਾਧਨ ਨਹੀਂ ਹੈ ਕਿਉਂਕਿ ਇਸ ਦੁਆਰਾ ਕੇਵਲ ਮਨੁੱਖ ਹੀ ਨਹੀਂ, ਜੀਵ ਵੀ ਆਪਣੀਆਂ ਭਾਵਨਾਵਾਂ ਅਤੇ ਜ਼ਰੂਰਤਾਂ ਨੂੰ ਪ੍ਰਗਟ ਕਰਦੇ ਹਨ। ਮਨੁੱਖ ਨੇ ਖ਼ੁਦ ਆਵਾਜ਼ ਦਾ ਵਿਕਾਸ ਕਰਕੇ ਸੰਗੀਤ ਦੀ ਸਿਰਜਣਾ ਕੀਤੀ ਹੈ।

ਸੰਗੀਤ ਇਕ ਅਜਿਹੀ ਕਲਾ ਹੈ ਜਿਸਦਾ ਸਾਡੇ ਸਰੀਰ, ਆਤਮਾ ਤੇ ਮਨ 'ਤੇ ਗੂੜ੍ਹਾ ਸਬੰਧ ਹੈ। ਸੰਗੀਤ ਦੀ ਬੁਨਿਆਦੀ ਜ਼ਰੂਰਤ ਲੈਅ ਹੈ ਅਤੇ ਸਾਰਾ ਬ੍ਰਹਿਮੰਡ ਇਕ ਲੈਅ ਵਿਚ ਕਾਰਜ ਕਰ ਰਿਹਾ ਹੈ। ਮਨੁੱਖੀ ਸਰੀਰ ਦੀਆਂ ਵੱਖ-ਵੱਖ ਪ੍ਰਣਾਲੀਆਂ ਲੈਅਬੱਧ ਹੋ ਕੇ ਕਾਰਜ ਕਰਦੀਆਂ ਹਨ ਤੇ ਅਸੀਂ ਉਸਨੂੰ ਮਹਿਸੂਸ ਵੀ ਕਰਦੇ ਹਾਂ। ਅਸੀਂ ਇਉਂ ਵੀ ਆਖ ਸਕਦੇ ਹਾਂ ਕਿ ਜਦੋਂ ਮਨੁੱਖੀ ਸਾਡੇ ਸਰੀਰ ਦਾ ਅੰਦਰੂਨੀ ਸੰਗੀਤ ਬੇਤਾਲ ਹੁੰਦਾ ਹੈ, ਉਦੋਂ ਹੀ ਸਾਨੂੰ ਬੀਮਾਰੀ ਜਾਂ ਥਕਾਵਟ ਮਹਿਸੂਸ ਕਰਦੇ ਹਾਂ। ਜੋ ਸੰਗੀਤ ਅਸੀਂ ਕੰਨਾਂ ਰਾਹੀਂ ਸੁਣਦੇ ਹਾਂ, ਅੰਦਰਲੀ ਲੈਅ ਨੂੰ ਬਾਹਰੀ ਸੰਗੀਤ ਦੀ ਲੈਅ ਨਾਲ ਜੋੜਦਾ ਹੈ ਅਤੇ ਸਮੁੱਚੇ ਜੀਵਨ ਨੂੰ ਲੈਅਬੱਧ ਕਰਦਾ ਹੈ। ਸੰਗੀਤ ਦੇ ਪ੍ਰਤੀ ਹਰ ਵਿਅਕਤੀ ਦਾ ਆਪਣਾ ਵੱਖਰਾ ਵਿਅਕਤੀਗਤ ਅਨੁਭਵ ਹੁੰਦਾ ਹੈ। ਇੱਕੋ ਤਰ੍ਹਾਂ ਦਾ ਸੰਗੀਤ ਸਾਰਿਆਂ ਨੂੰ ਇੱਕੋ ਤਰ੍ਹਾਂ ਦਾ ਸੁਆਦ ਦੇਵੇ, ਇਹ ਲਾਜ਼ਮੀ ਨਹੀਂ ਪਰ ਹਰ ਤਰ੍ਹਾਂ ਦੇ ਸੰਗੀਤ ਦਾ ਆਪਣਾ ਇਕ ਭਾਵ ਹੁੰਦਾ ਹੈ ਜੋ ਵਿਅਕਤੀ ਦੇ ਮਨ ਅਤੇ ਸੁਭਾਅ ਅਨੁਸਾਰ ਆਨੰਦ ਦਿੰਦਾ ਹੈ। ਅਜਿਹਾ ਵੀ ਵੇਖਿਆ ਗਿਆ ਹੈ ਕਿ ਮਧੁਰ ਸੰਗੀਤ ਦੇ ਸੁਣਨ ਨਾਲ ਮਾਨਸਿਕ ਦੋਸ਼ਾਂ ਨੂੰ ਵੀ ਦੂਰ ਕੀਤਾ ਜਾ ਸਕਦਾ ਹੈ। ਸੰਗੀਤ ਮਨੁੱਖ ਦੀਆਂ ਪੰਜ ਇੰਦਰੀਆਂ, ਭਾਵਨਾਵਾਂ ਤੇ ਬੁੱਧੀ ਨੂੰ ਪ੍ਰਭਾਵਿਤ ਜ਼ਰੂਰ ਕਰਦਾ ਹੈ। ਆਮ ਹਾਲਾਤਾਂ ਵਿਚ ਮਨੁੱਖ ਦਾ ਸੁਭਾਅ, ਵਿਵਹਾਰ ਤੇ ਚਰਿੱਤਰ ਤੇ ਮਧੁਰ ਸੰਗੀਤਕ ਮਾਹੌਲ 'ਚ ਰਹਿਣ ਉਪਰੰਤ ਸੁਭਾਅ ਤੇ ਵਿਵਹਾਰ ਵਿਚ ਤਬਦੀਲੀ ਲਾਜ਼ਮੀ ਹੈ।

## ਸੰਗੀਤ ਅਤੇ ਮਨੋਵਿਗਿਆਨ

ਵੱਖ-ਵੱਖ ਸਮੇਂ 'ਤੇ ਮਨੋਵਿਗਿਆਨਕਾਂ ਨੇ ਮਨੋਵਿਗਿਆਨ ਨੂੰ ਅਤਮਾ ਦਾ ਵਿਗਿਆਨ , ਮਨ ਦਾ ਵਿਗਿਆਨ, ਚੇਤਨਾ ਦਾ ਵਿਗਿਆਨ ਅਤੇ ਫਿਰ ਵਿਵਹਾਰ ਦਾ ਵਿਗਿਆਨ ਕਹਿ ਕੇ ਪਰਿਭਾਸ਼ਿਤ ਕੀਤਾ। ਪਰੰਤੂ ਇਨ੍ਹਾਂ ਵਿਚੋਂ ਕੋਈ ਵੀ ਪਰਿਭਾਸ਼ਾ ਆਣੇ ਆਪ ਵਿਚ ਪੂਰਣ ਨਹੀਂ ਸੀ। ਮਨੋਵਿਗਿਆਨ ਮਨ ਦਾ ਵਿਗਿਆਨਕ ਅਧਿਐਨ ਕਰਨ ਵਾਲਾ ਵਿਗਿਆਨ ਹੈ। ਸਾਰ ਰੂਪ ਵਿਚ ਗੱਲ ਕੀਤੀ ਜਾਵੇ ਤਾਂ ਮਨੋਵਿਗਿਆਨ ਮਾਨਵੋ ਵਿਵਹਾਰੋ ਦਾ ਅਧਿਐਨ ਕਰਦਾ ਹੈ। ਵੁਡਵਰਥ ਅਤੇ ਮਤਰਕੁਇਸ ਨੇ ਵਿਵਹਾਰ

ਸ਼ਬਦ ਨੂੰ ਹੋਰ ਸਪੱਸ਼ਟ ਕੀਤਾ। ਮਨੋਵਿਗਿਆਨ ਵਿਅਕਤੀ ਦੀਆਂ ਕਿਰਿਆਵਾਂ ਦਾ, ਉਸ ਦੇ ਵਾਤਾਵਰਣ ਨੂੰ ਧਿਆਨ ਵਿਚ ਰੱਖਦੇ ਹੋਏ, ਕੀਤਾ ਜਾਣ ਵਾਲਾ ਵਿਗਿਆਨਕ ਅਧਿਐਨ ਮੰਨਿਆ ਜਾਂਦਾ ਹੈ। ਇਸ ਵਿਚ ਕੇਵਲ ਬੌਧਿਕ ਤੱਤਾਂ ਨੂੰ ਹੀ ਨਹੀਂ, ਭਾਵਨਾਤਮਕ ਅਨੁਭਵਾਂ, ਪ੍ਰੇਰਕ ਸ਼ਕਤੀਆਂ ਤੇ ਵਿਵਹਾਰ ਦਾ ਅਧਿਐਨ ਵੀ ਸ਼ਾਮਿਲ ਹੈ। ਮਨੁੱਖ ਦਾ ਕੋਈ ਵੀ ਭਾਵ ਜਾਂ ਪ੍ਰਤਿਕਿਰਿਆ ਅਚਾਨਕ ਹੀ ਜਨਮ ਨਹੀਂ ਲੈਂਦੇ, ਉਹ ਖ਼ਿਆਲ ਕਿਤੇ ਨਾ ਕਿਤੇ ਮਨੁੱਖ ਦੇ ਚੇਤਨ ਜਾਂ ਅਵਚੇਤਨ ਮਨ ਵਿਚ ਪਹਿਲਾਂ ਹੀ ਹੁੰਦਾ ਹੈ। ਹਰ ਇਨਸਾਨ ਦਾ ਵੱਖ-ਵੱਖ ਸੋਚਣ, ਸਮਝਣ ਤੇ ਵਿਚਾਰ ਕਰਨ ਦੀ ਵਿਭਿੰਨ ਅਵਸਥਾਵਾਂ ਤੇ ਭਾਵਾਂ ਤੋਂ ਉਤਪੰਨ ਹੋਣ ਵਾਲੀ ਪ੍ਰਤਿਕਿਰਿਆ ਹੀ ਉਸਦੇ ਮਨੋਵਿਗਿਆਨ ਦਾ ਸਹੀ ਵਿਸ਼ਲੇਸ਼ਣ ਹੈ। ਕਲਾ ਅਤੇ ਮਨੋਵਿਗਿਆਨ ਦਾ ਆਪਸ ਵਿਚ ਸਿੱਧਾ ਸਬੰਧ ਜੋੜਿਆ ਜਾ ਸਕਦਾ ਹੈ ਕਿਉਂਕਿ ਕਲਾ ਦਾ ਸਿੱਧਾ ਸਬੰਧ ਮਨ ਨਾਲ ਹੈ। ਕਲਾ ਮਨ ਅੰਦਰੋਂ ਹੀ ਪੈਦਾ ਹੁੰਦੀ ਹੈ ਤੇ ਮਨੋਵਿਗਿਆਨ ਮਨ ਦਾ ਹੀ ਅਧਿਐਨ ਕਰਦਾ ਹੈ। ਇਹ ਮਨੁੱਖ ਦੀਆਂ ਭਾਵਨਾਵਾਂ ਤੇ ਵਿਵਹਾਰ ਨੂੰ ਆਧਾਰ ਬਣਾ ਕੇ ਮਾਨਸਿਕ ਕਿਰਿਆਵਾਂ ਦਾ ਅਧਿਐਨ ਕਰਦਾ ਹੈ। ਕਲਾ ਵੀ ਮਨ ਦੀਆਂ ਅੰਦਰੂਨੀ ਭਾਵਨਾਵਾਂ ਤੋਂ ਉਤਪੰਨ ਹੋਣ ਕਾਰਣ ਮਨੁੱਖ ਦੇ ਮਨ ਦੀ ਸਥਿਤੀ ਤੇ ਮਸਤਕ ਨਾਲ ਸਬੰਧਿਤ ਹੈ। ਕਲਾਕਾਰ ਆਪਣੇ ਚੇਤਨ ਜਾਂ ਅਵਚੇਤਨ ਮਨ ਵਿਚਲੇ ਖ਼ਿਆਲ ਨੂੰ ਆਪਣੀ ਸਿਰਜਨਾ ਦੇ ਰੂਪ ਵਿਚ ਸਥਾਪਿਤ ਕਰਦਾ ਹੈ, ਇਹੋ ਉਸਦੀ ਮਨੋਸਥਿਤੀ ਨੂੰ ਦਰਸਾਉਂਦਾ ਹੈ। ਮਨੁੱਖੀ ਮਨ ਦੀ ਤਿੰਨ ਪ੍ਰਮੁੱਖ ਅਵਸਥਾਵਾਂ ਹਨ-

1. ਚੇਤਨ ਮਨ ਦੀ ਅਵਸਥਾ
2. ਅਵਚੇਤਨ ਮਨ ਦੀ ਅਵਸਥਾ
3. ਅਚੇਤਨ ਮਨ ਦੀ ਅਵਸਥਾ

ਇਨ੍ਹਾਂ ਤਿੰਨਾਂ ਅਵਸਥਾਵਾਂ ਵਿਚ ਸੋਚਣ ਦੀ ਪ੍ਰਕਿਰਿਆ ਹਮੇਸ਼ਾ ਚਲਦੀ ਰਹਿੰਦੀ ਹੈ, ਭਾਵੇਂ ਉਹ ਪ੍ਰਗਟ ਹੋਵੇ ਜਾਂ ਨਾ ਹੋਵੇ। ਇਨ੍ਹਾਂ ਭਾਵਾਂ ਵਰਗੇ ਵਿਵਹਾਰ ਤੇ ਪ੍ਰਤਿਕਿਰਿਆ ਜਨਮ ਲੈਂਦੇ ਹਨ। ਇਨ੍ਹਾਂ ਵਿਚ ਰਾਗ, ਤ੍ਰਿਸ਼ਨਾ, ਕਾਮ, ਪ੍ਰਸੰਨਤਾ, ਸ਼ੋਕ, ਕ੍ਰੋਧ, ਦਇਆ, ਸ਼ਾਂਤੀ, ਲੋਭ, ਸ਼ੰਕਾ ਆਦਿ ਭਾਵ ਪ੍ਰਮੁੱਖ ਹਨ। ਕਲਾ ਉਹ ਪ੍ਰਕਿਰਿਆ ਹੈ ਜੋ ਮਨੁੱਖ ਦੇ ਅਨੁਭਵਾਂ ਚੋਂ ਉਤਪੰਨ ਹੁੰਦੀ ਹੈ ਭਾਵੇਂ ਇਹ ਅਨੁਭਵ ਚੇਤਨ ਮਨ ਜਾਂ ਅਵਚੇਤਨ ਮਨ ਚੋਂ ਪੈਦਾ ਹੋਵੇ। ਸੰਵੇਦਨਾਵਾਂ ਤੇ ਕਲਪਨਾਵਾਂ ਦਾ ਸੁਮੇਲ ਇਸ ਵਿਚ ਭਾਵ-ਰਸ ਦੀ ਖਿੱਚ ਭਰਦਾ ਹੈ ਅਤੇ ਪੇਸ਼ਕਾਰੀ ਸਮੇਂ ਸ੍ਰੋਤਾ ਜਾਂ ਦਰਸ਼ਕ ਦੇ ਅਵਚੇਤਨ ਵਿਚਲੀਆਂ ਇੱਛਾਵਾਂ ਨੂੰ ਉਤੇਜਿਤ ਕਰਦਾ ਹੈ। ਸ੍ਰੋਤਾ ਜਾਂ ਦਰਸ਼ਕ ਉਸ ਭਾਵਾਂ ਦੇ ਵਹਿਣ ਵਿਚ ਵਹਿ ਤੁਰਦਾ ਹੈ। ਇਹੀ ਸ੍ਰੋਤਾ ਜਾਂ ਦਰਸ਼ਕ ਦੀ ਆਨੰਦ ਪ੍ਰਾਪਤੀ ਦੀ ਪ੍ਰਕਿਰਿਆ ਹੈ, ਜਿਸ ਨੂੰ ਸਧਾਰਨੀਕਰਨ ਕਿਹਾ ਜਾਂਦਾ ਹੈ। ਇਹ ਪ੍ਰਕਿਰਿਆ ਸੰਗੀਤ ਵਿਚ ਬਹੁਤ ਤੇਜ਼ ਹੁੰਦੀ ਹੈ। ਪਹਿਲਾਂ ਸੰਗੀਤ ਚੋ ਕਲਾਕਾਰ ਹੀ ਭਾਵਾਂ ਨੂੰ ਸਮਝ ਕੇ ਆਨੰਦ ਪ੍ਰਾਪਤ ਕਰਦਾ ਹੈ। ਸੰਗੀਤ ਦਾ ਖੋਜਾਰਥੀ ਜਾਂ ਵਿਦਿਆਰਥੀ ਖੁਦ ਇਸ ਮਨੋਵਿਗਿਆਨਕ ਪ੍ਰਭਾਵ ਅਧੀਨ ਆਪਣੀਆਂ ਭਾਵਨਾਵਾਂ ਨੂੰ ਸੰਗੀਤ ਨਾਲ ਜੋੜਦਾ ਹੈ। ਸੰਗੀਤ ਮਨੁੱਖ ਦੇ ਸਭ ਤੋਂ ਨੇੜੇ ਮੰਨਿਆ ਜਾਂਦਾ ਹੈ। ਇਹ ਉਸਦੇ ਪਹਿਲੇ ਭਰੁਣ ਤੋਂ ਹੀ ਜੁੜਿਆ ਹੈ। ਮਨੁੱਖ ਜਨਮ ਤੋਂ ਹੀ ਇਕ ਨਵੇਂ ਵਾਤਾਵਰਣ, ਬਦਲਾਅ ਤੇ ਛੋਹ ਦੇ ਸੰਪਰਕ ਚ ਆਉਂਦਾ ਹੈ। ਨਵਜੰਮੇ ਬੱਚੇ ਦਾ ਮਨੋਵਿਗਿਆਨ ਇਸਦੀ ਪ੍ਰਤੀਕਿਰਿਆ ਰੋ ਕੇ ਦਿੰਦਾ ਹੈ। ਇਹ ਵੀ ਸੱਚ ਹੈ ਕਿ ਮਨੁੱਖ ਦੇ ਜਨਮ ਦੇ ਨਾਲ ਹੀ ਉਸਦੇ ਭਾਵ, ਭਾਵਨਾ ਤੇ ਪ੍ਰਗਟ ਕਰਨਾ ਵੀ ਜਨਮ ਲੈ ਲੈਂਦਾ ਹੈ। ਕਿਸੇ ਵੀ ਮਨੁੱਖ ਨੂੰ ਉਸਦੀ ਜਨਮ ਮਿਤੀ ਭਾਵੇਂ ਨਾ ਯਾਦ ਹੋਵੇ ਪਰੰਤੂ ਉਸ ਦੇ ਚੇਤਿਆਂ ਵਿਚ ਬਚਪਨ ਦੀਆਂ ਧੁੰਦਲੀਆਂ ਜਿਹੀਆਂ ਯਾਦਾਂ ਜ਼ਰੂਰ ਵੱਸੀਆਂ ਰਹਿੰਦੀਆਂ ਹਨ। ਬਚਪਨ ਤੋਂ ਹੀ ਸੰਗੀਤ ਨਾਲ ਸੰਬੰਧਿਤ ਲੋਰੀਆਂ, ਗੀਤ,ਆਰਤੀ, ਇਬਾਦਤ ਜਾਂ ਕੋਈ ਵੀ ਲੈਅਬੱਧ ਧੁਨੀ ਨਾਲ-ਨਾਲ ਜੁੜਦੀ ਚਲੀ ਜਾਂਦੀ ਹੈ।

ਇਸ ਪ੍ਰਕਾਰ ਉਹ ਸੰਗੀਤ ਤੇ ਸਾਧਨਾ ਨਾਲ ਜੁੜਦਾ ਤੁਰਿਆ ਜਾਂਦਾ ਹੈ। ਸੰਗੀਤ ਦੁਆਰਾ ਭਾਵਨਾਤਮਕ ਸੰਬੰਧ ਤੇ ਵਿਚਾਰਾਂ ਦੇ ਨਾਲ-ਨਾਲ ਸ਼ਖ਼ਸੀਅਤ ਵਿਚ ਨਿਖਾਰ ਦਾ ਆਰੰਭ ਵੀ ਸ਼ੁਰੂ ਹੋ ਜਾਂਦਾ ਹੈ ਜੋ ਤੁਹਾਨੂੰ ਹੋਰਨਾਂ ਨਾਲੋਂ ਵਿਸ਼ੇਸ਼ ਬਣਾਉਂਦੀ ਹੈ। ਪ੍ਰਚੀਨ ਕਾਲ ਤੋਂ ਹੀ ਮਨੁੱਖੀ ਸਰੀਰਕ ਬਣਤਰ ਨੂੰ ਵੀ ਸੰਗੀਤ ਨਾਲ ਜੋੜਿਆ ਜਾਂਦਾ ਰਿਹਾ ਹੈ, ਜਿਸ ਪ੍ਰਕਾਰ ਮਨੁੱਖੀ ਅੰਗਾਂ ਦੀ ਭਾਰਤੀ ਸ਼ਾਸਤਰੀ ਸਾਜ਼ ਵੀਣਾ ਨਾਲ ਵੀ ਤੁਲਨਾ ਕੀਤੀ ਹੈ। ਸੰਗੀਤ ਦੀ ਦੇਵੀ ਵੀਣਾ ਧਾਰਨੀ ਸਰਸਵਤੀ ਨੂੰ ਮੰਨਿਆ ਗਿਆ ਹੈ। ਮਨੁੱਖ ਦੇ ਨਿਰੰਤਰ ਵਿਕਾਸ ਦੌਰਾਨ ਮੌਤ ਤੇ ਸੋਗ ਦੇ ਗੀਤ, ਜਨਮ ਜਾਂ ਵਿਆਹ ਮੌਕੇ ਖ਼ੁਸ਼ੀ ਦੇ ਗੀਤਾਂ ਤੇ ਨਾਲ ਵਿਸ਼ੇਸ਼ ਸਾਜ਼ਾਂ ਦਾ ਵੀ ਪ੍ਰਯੋਗ ਹੁੰਦਾ ਹੈ ਭਾਵ ਅਜੋਕੇ ਯੁੱਗ ਦੇ ਰਾਗਾਂ, ਸਵਰਾਂ ਤੇ ਸੰਗੀਤ ਦੇ ਸਹੀ ਭਾਵਾਂ ਤੇ ਰਸਾਂ ਨੂੰ ਪੁਰਾਤਨ ਸਭਿਅਤਾ ਵਿਚ ਪਹਿਲਾਂ ਹੀ ਪਹਿਚਾਣ ਲਿਆ ਸੀ। ਇਸੇ ਕਰਕੇ ਮਾਨਵ ਜਾਤੀ ਦੇ ਸਭ ਤੋਂ ਵੱਧ ਨੇੜੇ ਲੋਕਗੀਤਾਂ ਵਿਚ ਵਿਵਹਾਰ, ਚਰਿੱਤਰ, ਰੁੱਤਾਂ, ਦੁੱਖ-ਸੁੱਖ ਤੇ ਹੋਰ ਸੰਸਕਾਰਾਂ ਦੇ ਲਈ ਵੱਖ-ਵੱਖ ਗੀਤ ਤੇ ਰਾਗ-ਰਾਗਣੀਆਂ ਮਿਲਦੇ ਹਨ। ਮਨੁੱਖ ਨੇ ਵੱਖ-ਵੱਖ ਹਾਲਾਤਾਂ ਤੇ ਪ੍ਰਕ੍ਰਿਤੀ ਵਿਚ ਬਦਲਾਅ ਦੇ ਨਾਲ ਆਪਣੇ ਹਰ ਨਵੇਂ ਮਨੋਵਿਗਿਆਨ ਨੂੰ ਜੋੜਿਆ ਤੇ ਖ਼ੁਦ ਦੀ ਅਭਿਵਿਅਕਤੀ ਲਈ ਸਭ ਤੋਂ ਸਰਲ ਮਾਧਿਅਮ ਸੰਗੀਤ ਵਿਚ ਹੀ ਖੋਜਿਆ।

ਸੰਗੀਤ 'ਚੋਂ ਸਰੀਰਕ, ਮਾਨਸਿਕ, ਬੌਧਿਕ ਤੇ ਅਧਿਆਤਮਕ ਪੱਧਰਾਂ ਤੇ ਆਨੰਦ ਪ੍ਰਾਪਤ ਹੁੰਦਾ ਹੈ। ਧੁਨੀ, ਸਵਰ, ਸ਼ਬਦ ਜਾਂ ਸੰਗੀਤ ਤੋਂ ਇਲਾਵਾ ਵੀ ਹੋਰ ਹੈ, ਜੋ ਸਾਨੂੰ ਸੁਣਾਈ ਦਿੰਦਾ ਹੈ ਤੇ ਜੋ ਸਾਡੇ ਅੰਦਰ ਰਹਿੰਦਾ ਹੈ। ਸ਼ਾਇਦ ਇਹ ਫਿਰ ਉਹੀ ਮਨੋਵਿਗਿਆਨ ਹੈ, ਜੋ ਚੇਤਨਾ ਦੇ ਪੱਧਰ 'ਤੇ ਜਿਉਂਦਾ ਰਹਿੰਦਾ ਹੈ। ਇਹ ਉਹੀ ਨਾਦ ਹੈ ਜੋ ਮਾਨਵ ਨੂੰ ਮਾਨਵ ਨਾਲ ਜੋੜਨ ਦਾ ਬਿਹਤਰੀਨ ਜ਼ਰੀਆ ਹੈ। ਸੰਗੀਤ ਵਿਚ ਸਮੁੱਚੇ ਭਾਵਾਂ ਨੂੰ ਕ੍ਰਮਬੱਧ ਰੂਪ ਨਾਲ ਵੱਖ-ਵੱਖ ਰਸਾਂ ਦੇ ਮਾਧਿਅਮ ਪ੍ਰਗਟ ਕਰਨ ਦਾ ਮਾਰਗ ਨਿਸ਼ਚਤ ਹੈ। ਇਸ ਲਈ ਹਰ ਵਿਚਾਰਧਾਰਾ ਨੇ ਪ੍ਰਚਾਰ-ਪ੍ਰਸਾਰ ਲਈ ਸੰਗੀਤ ਦਾ ਸਹਾਰਾ ਲਿਆ ਹੈ। ਸੰਗੀਤ ਦਾ ਪ੍ਰਭਾਵ ਸਰੀਰਕ ਅੰਗਾਂ ਤੋਂ ਹੋ ਕੇ ਮਨ-ਮਸਤਿਕ 'ਤੇ ਹੁੰਦਾ ਹੈ। ਨਾੜੀ ਤੰਤਰ ਤੋਂ ਲੈ ਕੇ ਇੰਦਰੀਆਂ ਨੂੰ ਸ਼ਾਂਤ ਤੇ ਸਥਿਰ ਕਰਨ ਦਾ ਕਾਰਜ ਸੰਗੀਤ ਦੁਆਰਾ ਹੋ ਸਕਦਾ ਹੈ ਤੇ ਇਹੀ ਇਕਸੁਰਤਾ ਤੇ ਮਧੁਰਤਾ ਮਨੁੱਖ ਦੇ ਮਨ ਨੂੰ ਸਥਿਰ ਕਰਦੀ ਹੈ। ਮੰਨਣਾ ਹੈ ਕਿ ਵੱਖ-ਵੱਖ ਭਾਵਾਂ ਨੂੰ ਵਿਅਕਤ ਕਰਦੀਆਂ ਧੁਨੀਆਂ ਵਿਚ ਮਨੁੱਖ ਨੇ ਆਪਣੇ ਜਿਨ੍ਹਾਂ ਸਰੀਰਕ ਮੁਦਰਾਵਾਂ ਤੇ ਹਾਵ-ਭਾਵਾਂ ਨੂੰ ਜਾਣਿਆ,ਉਹੀ ਅੱਗੇ ਜਾ ਕੇ ਉਸਦੀ ਨ੍ਰਿਤ ਕਲਾ ਦੀ ਜਨਮਦਾਤੀ ਵੀ ਬਣੀ। ਇਸ ਕਿਰਿਆ ਵਿਚ ਉਤਪੰਨ ਸਵਰ ਤੇ ਉਸਦੀ ਤਾਲ ਦੇ ਅਪਰਿਪੱਕ ਰੂਪ, ਸਭ ਤੋਂ ਪਹਿਲਾਂ ਉਸਦੇ ਭਾਵਾਂ ਦੇ ਰੂਪ ਵਿਚ ਸਾਹਮਣੇ ਆਏ। ਸੰਗੀਤ ਦੇ ਸੱਚੇ-ਸੁੱਚੇ ਸਵਰ ਨਾਲ ਮਨੁੱਖ ਦੇ ਆਚਰਣ ਵਿਚ ਵੀ ਸੁਹਿਰਦਤਾ ਤੇ ਸਥਿਰਤਾ ਬਣੀ ਰਹਿਣ ਦੀ ਸੰਭਾਵਨਾ ਰਹਿੰਦੀ ਹੈ। ਸੰਗੀਤ 'ਚ ਸਰੀਰ ਦੀਆਂ ਨਾੜੀਆਂ ਤੇ ਇੰਦਰੀਆਂ 'ਤੇ ਪ੍ਰਭਾਵ ਪਾਉਣ ਵਾਲੀ ਕੰਪਨਤਾ ਕਾਰਣ ਮਸਤਿਕ ਆਪਣੀ ਅਧਿਕ ਊਰਜਾ ਉਤਪੰਨ ਕਰਨ ਦੇ ਯੋਗ ਬਣਦਾ ਹੈ, ਜੋ ਨਵੇਂ ਵਿਚਾਰਾਂ ਸਹਿਤ ਪ੍ਰਗਤੀਸ਼ੀਲ ਤੇ ਨਿਯਮਿਤ ਮਨੋਵਿਗਿਆਨ ਨੂੰ ਜਨਮ ਦਿੰਦੀ ਹੈ।

ਮਨੋਵਿਗਿਆਨ ਦੇ ਖੇਤਰ ਵਿਚ ਸੰਗੀਤ ਦੁਆਰਾ ਦਿੱਤੀਆਂ ਜਾਣ ਵਾਲੀਆਂ ਉਪਚਾਰ ਵਿਧੀਆਂ ਦੇ ਅਧਿਕ ਸਕਰਾਤਮਕ ਨਤੀਜੇ ਸਾਹਮਣੇ ਆਏ ਹਨ। ਸੰਗੀਤ ਨੂੰ ਮਨੋਵਿਗਿਆਨ ਦੇ ਖੇਤਰ ਵਿਚ ਆਧੁਨਿਕ ਯੁੱਗ ਦੀ ਉਚਿਤ ਉਪਚਾਰ ਵਿਧੀ ਮੰਨਿਆ ਜਾ ਰਿਹਾ ਹੈ। ਵਿਸ਼ਵ ਵਿਚ ਕਈ ਸਥਾਨਾਂ 'ਤੇ ਸੰਗੀਤ ਦੁਆਰਾ ਮਾਨਸਿਕ ਰੋਗਾਂ ਦੇ ਉਪਚਾਰ ਨੂੰ ਸਾਰਥਕ ਬਣਾਇਆ ਜਾ ਰਿਹਾ ਹੈ। ਹੋਰ ਜੀਵ-ਜੰਤੂਆਂ ਤੇ ਬਨਸਪਤੀ 'ਤੇ ਵੀ ਇਸਦੇ ਸਫਲ ਪ੍ਰਯੋਗ ਕੀਤੇ ਗਏ ਹਨ। ਸੰਗੀਤ ਵਿਚਲੀਆਂ ਧੁਨੀ ਤਰੰਗਾਂ, ਮਨ ਦੇ ਭਾਵਾਂ ਨੂੰ ਉਤੇਜਿਤ ਤੇ

ਸ਼ਾਂਤ ਕਰਨ ਦਾ ਕਾਰਜ ਕਰਦੀਆਂ ਹਨ। ਮਨ ਨੂੰ ਸ਼ਾਂਤ ਰੱਖਣ ਨਾਲ ਸਰੀਰ ਵੀ ਤੰਦਰੁਸਤ ਰਹਿੰਦਾ ਹੈ। ਅਸੀਂ ਜਾਣਦੇ ਹਾਂ ਕਿ ਜਦੋਂ ਤੱਕ ਦਿਮਾਗ ਸਾਡੇ ਸਰੀਰਕ ਅੰਗਾਂ ਨੂੰ ਕਾਰਜ ਕਰਨ ਦਾ ਆਦੇਸ਼ ਨਹੀਂ ਭੇਜਦਾ, ਉਦੋਂ ਤੱਕ ਸਰੀਰ ਕਾਰਜ ਨਹੀਂ ਕਰਦਾ। ਸੰਗੀਤ ਧੁਨੀ ਦੀ ਲਹਿਰਾਂ ਨਾਲ ਪੈਦਾ ਹੁੰਦਾ ਹੈ, ਇਨ੍ਹਾਂ ਲਹਿਰਾਂ ਦਾ ਹੋਰਨਾਂ ਲਹਿਰਾਂ ਦੀ ਆਵਰਤੀ(ਗਿਕ੍ਰਚਕਅਫਖ) ਨੂੰ ਪ੍ਰਭਾਵਿਤ ਕਰਨਾ ਸੁਭਾਵਿਕ ਹੈ। ਸਰੀਰ ਵਿਚ ਉਤਪੰਨ ਲਹਿਰਾਂ ਦੀ ਆਵਰਤੀ ਤੇ ਸਰੂਪ ਨੂੰ ਬਦਲ ਕੇ ਸਕਰਾਤਮਕ ਪ੍ਰਭਾਵ ਪੈਦਾ ਕੀਤਾ ਜਾ ਸਕਦਾ ਹੈ। ਇਸ ਕਾਰਜ ਨੂੰ 'ਸੰਗੀਤ ਚਿਕਿਤਸਾ' ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਹ ਇਕ ਅਜਿਹੀ ਉਪਚਾਰ ਵਿਧੀ ਹੈ, ਜਿਸ ਦੌਰਾਨ ਸੰਗੀਤ ਚਿਕਿਤਸਕ ਆਪਣੇ ਮਰੀਜ਼ਾਂ ਦੇ ਸਰੀਰ 'ਚ ਸੁਧਾਰ ਜਾਂ ਤੰਦਰੁਸਤ ਰੱਖਣ ਲਈ ਸੰਗੀਤ ਅਤੇ ਸਰੀਰਕ, ਮਾਨਸਿਕ, ਭਾਵਨਾਤਮਕ, ਸਮਾਜਿਕ ਆਦਿ ਸਾਰੇ ਪੱਖਾਂ ਤੋਂ ਪ੍ਰਯੋਗ ਕਰਦਾ ਹੈ। ਵੱਖ-ਵੱਖ ਅਨੁਕੂਲ ਤੇ ਪ੍ਰਤਿਕੂਲ ਹਾਲਾਤਾਂ ਵਿਚ ਧੁਨੀ ਜਾਂ ਸਵਰਾਂ ਦੇ ਪ੍ਰਭਾਵ ਦੁਆਰਾ ਉਤਪੰਨ ਸਰੀਰਕ ਕਿਰਿਆਵਾਂ ਦਾ ਪਰਿਵਰਤਨ ਹੀ 'ਸੰਗੀਤਕ ਚਿਕਿਤਸਾ ਪ੍ਰਣਾਲੀ'ਜਾਂ 'ਮਿਊਜ਼ਿਕ ਥੈਰੇਪੀ' ਹੈ।

## ਸੰਗੀਤ ਚਿਕਿਤਸਾ

ਸੰਗੀਤ ਚਿਕਿਤਸਾ ਤੋਂ ਭਾਵ ਵੱਖ-ਵੱਖ ਅਨੁਕੂਲ ਤੇ ਪ੍ਰਤੀਕੂਲ ਹਾਲਾਤਾਂ ਵਿਚ ਧੁਨੀ ਜਾਂ ਸਵਰਾਂ ਦੇ ਪ੍ਰਭਾਵ ਦੁਆਰਾ ਉਤਪੰਨ ਹੋਏ ਸਰੀਰਕ ਪਰਿਵਰਤਨ ਤੋਂ ਹੈ। ਇਹ ਇਕ ਸਰੀਰਕ ਅੰਦਰੂਨੀ ਪ੍ਰਕਿਰਿਆ ਹੈ, ਜਿਸ ਵਿਚ ਇੱਕ ਮਾਹਿਰ ਸੰਗੀਤ ਚਿਕਿਤਸਕ ਆਪਣੇ ਮਰੀਜ਼ਾਂ ਦੇ ਤੰਦਰੁਸਤੀ ਲਈ ਸੰਗੀਤ ਅਤੇ ਉਸਦੇ ਸਰੀਰਕ, ਭਾਵਨਾਤਮਕ, ਮਾਨਸਿਕ, ਸਮਾਜਿਕ, ਅਧਿਆਤਮਕ ਆਦਿ ਸਾਰੇ ਪੱਖਾਂ ਤੋਂ ਅਧਿਐਨ ਕਰਦਾ ਹੈ। ਸੰਗੀਤ ਵਿਚ ਇੰਨੀ ਊਰਜਾ ਤੇ ਸਮਰੱਥਾ ਹੈ ਕਿ ਇਸਦੀ ਧੁਨੀ ਤੋਂ ਮਨੁੱਖ ਦੇ ਨਾਲ-ਨਾਲ ਪਸ਼ੂ-ਪੰਛੀ, ਰੁੱਖ ਅਤੇ ਹੋਰ ਬਨਸਪਤੀ ਵੀ ਪ੍ਰਭਾਵਿਤ ਹੋਣ ਦੇ ਹਵਾਲੇ ਮਿਲਦੇ ਹਨ। ਇਤਿਹਾਸ, ਸੰਗੀਤ ਅਤੇ ਚਿਕਿਤਸਾ ਦੇ ਵਿਚਲੇ ਅੰਤਰ-ਸਬੰਧ ਦਾ ਗਵਾਹ ਹੈ। ਸਭ ਤੋਂ ਪਹਿਲਾਂ ਸੰਗੀਤ ਦਾ ਚਿਕਿਤਸਾ ਵਜੋਂ ਪ੍ਰਯੋਗ ਦਾ ਉਲੇਖ ਤਾਮ੍ਰ ਯੁੱਗ ਵਿਚ ਮਿਲਦਾ ਹੈ। ਉਮੇਸ਼ ਜੋਸ਼ੀ ਲਿਖਦਾ ਹੈ ਕਿ 'ਜਦੋਂ ਕੋਈ ਵਿਅਕਤੀ ਬਿਮਾਰ ਹੋ ਜਾਂਦਾ ਸੀ ਤਾਂ ਉਹ ਲੋਕ ਉਸ ਨੂੰ ਦਵਾਈ ਨਹੀਂ ਦਿੰਦੇ ਸਨ ਬਲਕਿ ਸੰਗੀਤ ਦੁਆਰਾ ਹੀ ਉਸਦਾ ਉਪਚਾਰ ਕਰਦੇ ਸਨ। ਇਸ ਸੰਗੀਤਕ ਉਪਚਾਰ ਨਾਲ ਅਨੇਕ ਲੋਕ ਤੰਦਰੁਸਤ ਅਤੇ ਸੁੰਦਰ ਵੀ ਬਣ ਜਾਂਦੇ ਸਨ।' ਦ੍ਰਾਵਿੜਾਂ ਨੂੰ ਸੰਗੀਤ ਗਿਆਨ ਵਿਚ ਸ੍ਰੇਸ਼ਠ ਮੰਨਿਆ ਗਿਆ ਹੈ। ਉਨ੍ਹਾਂ ਨੇ ਸੰਗੀਤ ਨੂੰ ਕੇਵਲ ਮਨੋਰੰਜਨ ਦਾ ਸਾਧਨ ਹੀ ਨਹੀਂ ਮੰਨਿਆ, ਸਗੋਂ ਹੋਰ ਵੱਖ-ਵੱਖ ਉਪਯੋਗੀ ਵਿਸ਼ਿਆਂ 'ਤੇ ਸੋਚਣਾ ਸ਼ੁਰੂ ਕਰ ਦਿੱਤਾ। ਇਸ ਸੰਦਰਭ ਵਿਚ ਸ਼੍ਰੀਧਰ ਭਗਵਤਸ਼ਰਣ, 'ਦ ਹਿਸਟਰੀ ਆਫ ਹਯੂਮਨ ਰੇਸੇ ਦੇ ਰਚੇਤਾ 'ਡਾਸਕੀਏਲੋ ਦੇ ਹਵਾਲੇ ਨਾਲ ਲਿਖਦਾ ਹੈ ਕਿ ਦ੍ਰਵਿੜਾਂ ਨੂੰ ਸੰਗੀਤ ਦੇ ਵਿਗਿਆਨਿਕ ਰੂਪ ਦਾ ਵੀ ਪਤਾ ਸੀ, ਇਸ ਕਰਕੇ ਹੀ ਉਨ੍ਹਾਂ ਨੇ ਸੰਗੀਤ ਦੇ ਖੇਤਰ ਵਿਚ ਪ੍ਰਯੋਗ ਕੀਤੇ। ਵੈਦਿਕ ਕਾਲ ਤੱਕ ਪਹੁੰਚਦਿਆਂ ਮਨੁੱਖ ਨੇ ਇੰਨੀ ਤਰੱਕੀ ਕਰ ਲਈ ਸੀ ਕਿ ਉਹ ਸੰਗੀਤ ਅਤੇ ਸ਼ਬਦਾਂ ਦੇ ਪ੍ਰਭਾਵਾਂ ਨੂੰ ਚੰਗੀ ਤਰ੍ਹਾਂ ਸਮਝਣ ਲੱਗ ਪਏ ਸਨ। ਇਸ ਕਾਲ ਵਿਚ ਰਿਸ਼ੀਆਂ-ਮੁਨੀਆਂ ਨੇ 'ਮੰਤਰ-ਸਾਧਨਾ' ਦੇ ਸਹਾਰੇ ਬਹੁਤ ਸਾਰੀਆਂ ਸਿੱਧੀਆਂ ਪ੍ਰਾਪਤ ਕਰ ਲਈਆਂ ਸਨ। ਮੰਤਰਾਂ ਦੀ ਰਚਨਾ ਵੀ ਸੰਗੀਤਕ ਤੇ ਸ਼ਾਬਦਿਕ ਪ੍ਰਭਾਵ ਨੂੰ ਧਿਆਨ ਵਿਚ ਰੱਖ ਕੇ ਹੀ ਕੀਤੀ ਗਈ, ਜਿਸ ਦੁਆਰਾ ਉਹ ਲੋਕ ਮਨਚਾਹਾ ਪ੍ਰਭਾਵ ਉਤਪੰਨ ਕਰਨ ਵਿਚ ਸਮਰੱਥ ਸਨ। ਜਿਵੇਂ ਅਗਨੀ ਨੂੰ ਪ੍ਰਗਟ ਕਰਨਾ, ਮੀਂਹ ਬਰਸਾਉਣਾ, ਚੀਜ਼ਾਂ ਨੂੰ ਅਦ੍ਰਿਸ਼ ਕਰਨਾ ਆਦਿ। ਅਜਿਹੀਆਂ ਕਈ ਉਦਾਹਰਣਾਂ ਪ੍ਰਾਚੀਨ ਗ੍ਰੰਥਾਂ 'ਚ ਪ੍ਰਾਪਤ ਹੁੰਦੀਆਂ ਹਨ। ਵੈਦਿਕ ਕਾਲ ਵਿਚ ਸੰਗੀਤ ਦੇ ਮਹੱਤਵ ਨੂੰ ਇਸ ਤੱਥ ਨਾਲ ਵੀ ਸਮਝਿਆ ਜਾ ਸਕਦਾ ਹੈ ਕਿ ਉਸ ਕਾਲ ਦੇ ਰਿਸ਼ੀਆਂ ਨੇ ਸੰਗੀਤ ਲਈ ਇਕ ਵੱਖਰੇ ਵੇਦ 'ਸਾਮਵੇਦ' ਦੀ ਰਚਨਾ ਕੀਤੀ। ਸਾਮਵੇਦ ਸੰਗੀਤ ਅਤੇ ਉਸ ਨਾਲ ਜੁੜੀਆਂ ਹੋਰ ਕਲਾਵਾਂ ਦਾ ਖ਼ਜ਼ਾਨਾ ਹੈ। ਇਹ ਗ੍ਰੰਥ ਪੂਰਨ ਗਾਇਨ ਰੂਪ

ਵਿਚ ਹੈ ਅਤੇ ਸੰਗੀਤ ਦੇ ਗਿਆਨ ਦਾ ਭੰਡਾਰ ਹੈ। ਰਿਸ਼ੀਆਂ ਨੇ ਵਿਸ਼ੇਸ਼ ਮੰਤਰਾਂ ਦਾ ਸੰਕਲਨ ਕੀਤਾ ਅਤੇ ਗਾਇਨ ਦੀ ਪੱਧਤੀ ਵਿਕਸਿਤ ਕੀਤੀ।

ਭਾਰਤੀ ਰਾਗ ਵਿਭਿੰਨ ਮਨੋਦਸ਼ਾਵਾਂ ਦੇ ਪ੍ਰਤੀਕ ਹਨ ਅਤੇ ਇਸ ਕਰਕੇ ਉਹ ਆਪਣੀ ਭਾਵਦਸ਼ਾ ਦੇ ਮੁਤਾਬਿਕ ਵਿਅਕਤੀ ਵਿਚ ਰਸ-ਸੰਚਾਰ ਕਰਨ ਵਿਚ ਸਮਰੱਥ ਹੁੰਦੇ ਹਨ। ਸੰਗੀਤ ਆਚਾਰਿਆਂ ਨੇ ਹਰੇਕ ਰਾਗ ਦਾ ਨਿਸ਼ਚਿਤ ਰਸ ਮੰਨਿਆ ਹੈ। ਇਹ ਰਸ ਰਾਗ ਵਿਚ ਪ੍ਰਯੋਗ ਹੋਣ ਵਾਲੇ ਸਵਰਾਂ ਦੀ ਸਥਿਤੀ 'ਤੇ ਨਿਰਭਰ ਕਰਦਾ ਹੈ। ਰਾਗ ਤੇ ਰਸ ਦਾ ਗਹਿਰਾ ਸਬੰਧ ਹੈ। ਰਾਗ ਤੋਂ ਉਪਜਿਆ ਰਸ, ਸੰਗੀਤ ਦੁਆਰਾ ਦਿੱਤੀ ਜਾਣ ਵਾਲੀ ਚਿਕਿਤਸਾ ਵਿਚ ਸਹਾਇਕ ਹੁੰਦੇ ਹਨ। ਸੱਤ ਸ਼ੁੱਧ ਸਵਰ ਤੇ ਪੰਜ ਵਿਕ੍ਰਤ ਸਵਰ ਦਾ ਵੀ ਆਪਣਾ-ਆਪਣਾ ਰਸ ਨਿਰਧਾਰਿਤ ਹੈ।

ਸੰਗੀਤ ਦੁਆਰਾ ਮਨੋਚਿਕਿਤਸਾ ਕਰਦੇ ਸਮੇਂ ਤਿੰਨ ਪ੍ਰਕਾਰ ਨਾਲ ਕਾਰਜ ਕੀਤਾ ਜਾਂਦਾ ਹੈ। ਪਹਿਲੀ ਵਿਧੀ ਵਿਚ ਰੋਗੀ ਨਾਲ ਗੱਲ-ਬਾਤ ਕਰਕੇ ਉਸਦੇ ਰੋਗ ਜਾਂ ਸਮੱਸਿਆ ਦੇ ਕਾਰਣ ਖੋਜੇ ਜਾਂਦੇ ਹਨ। ਦੂਸਰੀ ਵਿਧੀ ਵਿਚ ਰੋਗੀ ਨੂੰ ਦਵਾਈਆਂ ਦਿੱਤੀਆਂ ਜਾਂਦੀਆਂ ਹਨ ਅਤੇ ਤੀਸਰੀ ਵਿਧੀ ਸਹਾਇਕ ਚਿਕਿਤਸਾ ਹੁੰਦੀ ਹੈ। ਰੋਗੀ ਨੂੰ ਆਪਣੀ ਇੱਛਾ ਅਨੁਸਾਰ ਗਾਉਣ-ਬਜਾਉਣ ਦਾ ਮੌਕਾ ਦਿੱਤਾ ਜਾਂਦਾ ਹੈ। ਉਸ ਤੋਂ ਬਾਅਦ ਉਸ ਦੀ ਪਸੰਦ ਦਾ ਸੰਗੀਤ ਸੁਣਾਇਆ ਜਾਂਦਾ ਹੈ। ਸੰਗੀਤ ਮਸਤਕ ਦੇ ਭਾਗ 'ਲਿੰਬਿਕ ਸਿਸਟਮ' 'ਤੇ ਅਸਰ ਕਰਦਾ ਹੈ। ਇਹ ਸਿਸਟਮ ਵਿਅਕਤੀ ਦੀ ਭਾਵਨਾ ਨੂੰ ਕੰਟਰੋਲ ਕਰਦਾ ਹੈ। ਸੰਗੀਤ ਦੇ ਸਵਰ ਇਸ ਸਿਸਟਮ ਵਿਚ ਇਕ ਮਹੱਤਵਪੂਰਨ ਰਸਾਇਨ 'ਸਿਰੋਟੋਨਿਨ' ਦੇ ਵਹਾਅ 'ਤੇ ਕੰਟਰੋਲ ਕਰਦਾ ਹੈ ਜਿਸਨੂੰ ਕਿ ਕਈ ਪ੍ਰਕਾਰ ਦੀਆਂ ਮਾਨਸਿਕ ਬਿਮਾਰੀਆਂ ਦਾ ਕਾਰਣ ਮੰਨਿਆ ਜਾਂਦਾ ਹੈ। ਸੰਗੀਤ ਮਾਨਸਿਕ ਤਰੰਗਾਂ ਨੂੰ ਪ੍ਰਭਾਵਿਤ ਕਰਦਾ ਹੈ ਤੇ ਮਾਨਸਿਕ ਸਮੱਸਿਆਵਾਂ ਵਿਚ ਕਾਫ਼ੀ ਸਹਾਇਕ ਹੈ। ਮਸਤਕ ਦੀਆਂ ਤਰੰਗਾਂ ਕਦੇ ਸਥਿਰ ਨਹੀਂ ਰਹਿੰਦੀਆਂ ਕਿਉਂਕਿ ਇਹ ਸਾਡੇ ਕੰਮਾਂ ਤੇ ਵਾਤਾਵਰਣ ਅਨੁਸਾਰ ਬਦਲਦੀਆਂ ਰਹਿੰਦੀਆਂ ਹਨ। ਜਦੋਂ ਕੋਈ ਸਰੀਰਕ ਉਤੇਜਨਾ ਵਾਲਾ ਕਾਰਜ ਕਰੀਏ ਤਾਂ ਇਹ ਤਰੰਗਾਂ ਤੇਜ਼ ਹੋ ਜਾਂਦੀਆਂ ਹਨ ਤੇ ਜਦੋਂ ਇਹ ਤਰੰਗਾਂ ਕਿਸੇ ਘਟਨਾ ਵਿਚ ਥੱਕ ਜਾਂਦੀਆਂ ਤਾਂ ਹੌਲ਼ੀ ਹੋ ਜਾਂਦੀਆਂ ਹਨ। ਵਿਗਿਅਨਕਾਂ ਨੇ ਇਨ੍ਹਾਂ ਤਰੰਗਾਂ ਨੂੰ ਇਸ ਪ੍ਰਕਾਰ ਵੰਡਿਆ:

1। ਬੀਟਾ ਤਰੰਗਾਂ: 14-20 ਹਰਟਜ਼- ਜਦੋਂ ਅਸੀਂ ਕਾਰਜ ਕਰ ਰਹੇ ਹਾਂ
2। ਅਲਫਾ ਤਰੰਗਾਂ: 8-13 ਹਰਟਜ਼- ਗਹਰੀ ਨੀਂਦ, ਸ਼ਾਂਤ ਅਵਸਥਾ
3। ਥੀਟਾ ਤਰੰਗਾਂ: 4-7 ਹਰਟਜ਼- ਰਚਨਾਤਮਕ ਅਵਸਥਾ
4। ਡੈਲਟਾ ਤਰੰਗਾਂ: 5-3 ਹਰਟਜ਼- ਗਹਿਰਾ ਧਿਆਨ, ਗਹਰੀ ਨੀਂਦ, ਸਮਾਧੀ

ਮਸਤਕ ਵਿਚ ਉਪਰੋਕਤ ਤਰੰਗਾਂ ਦਾ ਉਤਰਾਅ-ਚੜ੍ਹਾਅ ਹੁੰਦਾ ਰਹਿੰਦਾ ਹੈ। ਨੀਂਦ ਵਿਚ ਇਨ੍ਹਾਂ ਤਰੰਗਾਂ ਦੀ ਗਤੀਵਿਧੀ ਵਿਚ ਕਮੀ ਪਾਈ ਜਾਂਦੀ ਹੈ ਜਦਕਿ ਜਾਗਣ ਉਪਰੰਤ ਗਤੀ ਤੇਜ਼ ਹੁੰਦੀ ਹੈ। ਸੰਗੀਤ ਦੁਆਰਾ ਤਰੰਗਾਂ ਵਚਲੀ ਅਨਿਯਮਤਾ ਨੂੰ ਸੋਧਿਆ ਜਾ ਸਕਦਾ ਹੈ। ਸੰਗੀਤ ਮਸਤਕ ਦੀ ਤਰੰਗਾਂ ਨੂੰ ਇਕ ਅਵਸਥਾ ਨੂੰ ਦੂਸਰੀ ਅਵਸਥਾ ਤੱਕ ਲੈ ਕੇ ਜਾਣ ਦੀ ਸਮਰੱਥਾ ਰੱਖਦਾ ਹੈ। ਕੋਮਲ ਧੁੰਨਾਂ ਬੀਟਾ ਨੂੰ ਅਲਫਾ ਤੇ ਥੀਟਾ ਵਿਚ ਪਰਿਵਰਤਿਤ ਕਰਦੀ ਹੈ।

ਸਾਰੀਆਂ ਲਲਿਤ ਕਲਾਵਾਂ ਵਿੱਚੋਂ ਸੰਗੀਤ ਕਲਾ ਨੂੰ ਹੀ ਸਰਵ ਸ੍ਰੇਸ਼ਠ ਮੰਨਿਆ ਗਿਆ ਹੈ। ਸੰਗੀਤ ਦਾ ਨਾਮ ਲੈਂਦਿਆ ਹੀ ਮਨੁੱਖੀ ਮਨ ਨੂੰ ਸ਼ਾਂਤੀ ਮਹਿਸੂਸ ਹੋਣ ਲੱਗ ਜਾਂਦੀ ਹੈ। ਪੰਛੀਆਂ ਦਾ ਚਹਿਕਣਾ, ਨਦੀਆਂ ਦਾ ਵਹਿਣਾ ਆਦਿ ਕੁਦਰਤ ਦਾ ਆਪਣਾ ਵੱਖਰਾ ਸੰਗੀਤ ਹੈ। ਸੰਗੀਤ ਦੇ ਪ੍ਰਸਿੱਧ ਗ੍ਰੰਥ 'ਸਾਮਵੇਦ'

ਵਿੱਚ ਸਾਰੇ ਬ੍ਰਹਿਮੰਡ ਨੂੰ ਬ੍ਰਹਮਾ ਦਾ ਮਧੁਰ ਸੰਗੀਤ ਮੰਨਿਆ ਹੈ ਪ੍ਰੰਤੂ ਜਦੋਂ ਸੰਗੀਤ ਸ਼ਾਸਤਰ ਦਾ ਰੂਪ ਧਾਰਨ ਕਰ ਲੈਂਦਾ ਹੈ ਤਾਂ ਸਾਡੇ ਜੀਵਨ ਦੀਆਂ ਅਨੇਕਾਂ ਮਾਨਸਿਕ ਪ੍ਰੇਸ਼ਾਨੀਆਂ ਜਾਂ ਮਾਨਸਿਕ ਰੋਗਾਂ ਤੋਂ ਮੁਕਤ ਕਰ ਦਿੰਦਾ ਹੈ। ਸੰਗੀਤ ਚਿਕਿਤਸਕ ਪੰਡਿਤ ਸ਼ਸ਼ਾਂਕ ਕੱਟੀ ਭਾਰਤੀ ਸ਼ਾਸਤਰੀ ਸੰਗੀਤ ਨੂੰ 'ਇੰਡੀਅਨ ਸਾਈਂਟੀਫਿਕ ਮਿਊਜ਼ਿਕ' ਕਹਿਣਾ ਵਧੇਰੇ ਠੀਕ ਮੰਨਦੇ ਹਨ। ਖੋਜਾਰਥੀ ਨੇ ਇੱਥੇ ਕੁੱਝ ਰਾਗਾਂ ਨੂੰ ਚੁਣਿਆ ਹੈ ਜੋ ਮਨੁੱਖੀ ਮਨ ਨੂੰ ਪ੍ਰਭਾਵਿਤ ਕਰਦੇ ਹਨ ਅਤੇ ਉਹਨਾਂ ਰਾਗਾਂ ਦੀ ਵਿਸ਼ੇਸ਼ ਸੁਰ ਸੰਗਤੀ ਕਿਸ ਤਰ੍ਹਾਂ ਇੱਕ ਮਾਨਸਿਕ ਰੋਗੀ ਤੇ ਆਪਣੇ ਪ੍ਰਭਾਵ ਪਾ ਸਕਦੀ ਹੈ ਜਾਂ ਉਸ ਦਾ ਇਲਾਜ ਕਰਦੀ ਹੈ ਜਿਵੇਂ-

1 ਰਾਗ ਸ਼ਿਵਰੰਜਨੀ:-ਇਹ ਹਿੰਦੁਸਤਾਨੀ ਸੰਗੀਤ ਪੱਧਤੀ ਦਾ ਬਹੁਤ ਹੀ ਪ੍ਰਚਲਿਤ ਰਾਗ ਹੈ। ਇਸ ਰਾਗ ਦਾ ਆਰੋਹ-ਅਵਰੋਹ ਇਸ ਪ੍ਰਕਾਰ ਹੈ:-

| | |
|---|---|
| ਥਾਟ | ਕਾਫ਼ੀ |
| ਸਵਰ | ਮਧਿਅਮ ਤੇ ਨਿਸ਼ਾਦ ਵਰਜਿਤ, ਗੰਧਾਰ ਕੋਮਲ |
| ਵਾਦੀ/ਸੰਵਾਦੀ | ਪੰਚਮ/ਸ਼ੜਜ |
| ਜਾਤੀ | ਔੜਵ-ਔੜਵ |
| ਸਮਾਂ | ਮੱਧ ਰਾਤਰੀ |
| ਆਰੋਹ- | ਸਾ ਰੇ ਗੁ ਪਾ ਧ ਸਂ |
| ਅਵਰੋਹ- | ਸਂ ਧਾ ਪਾ ਗੁ ਰੇ ਸਾ, ਰੇ, ਧਾ ਸਾ |
| ਮੁੱਖ ਅੰਗ | ਰੇ ਗੁ ਪ, ਧਾ ਪ ਗੁ ਰੇ, ਗੁ ਸਾ ਰੇ ਧਾ ਸਾ |

ਇਸ ਰਾਗ ਵਿਚ ਨਿਬੱਧ ਬੰਦਿਸ਼ ਵਿਚੋਂ ਕਰੁਣਾ ਰਸ, ਵਾਤਸਲਯ ਰਸ ਅਤੇ ਸ਼ਿੰਗਾਰ (ਵਿਯੋਗ) ਰਸ ਦੀ ਝਲਕ ਸਪੱਸ਼ਟ ਨਜ਼ਰ ਆਉਂਦੀ ਹੈ। ਜੋ ਸ਼ਾਂਤ ਰਸ ਵੀ ਪੈਦਾ ਕਰਦਾ ਹੈ ਤੇ ਮਨੁੱਖੀ ਮਨ ਦੀ ਬੇਚੈਨੀ ਨੂੰ ਸ਼ਾਂਤ ਕਰਦਾ ਹੈ। ਰਾਗ ਦੀ ਬੰਦਿਸ਼ ਵਿਚ ਤਾਲ ਦੇ ਨਾਲ-ਨਾਲ ਲੈਅ (ਵਿਲੰਬਿਤ, ਮੱਧ, ਦਰੁੱਤ ਲੈਅ) ਵੀ ਰਸ ਉਤਪਤੀ ਵਿਚ ਅਹਿਮ ਭੂਮਿਕਾ ਅਦਾ ਕਰਦੀ ਹੈ।

ਕਾਵਿ ਕਲਾ ਅਤੇ ਸੰਗੀਤ ਕਲਾ ਦੋਨਾਂ ਦੇ ਸੁੰਦਰ ਸੁਮੇਲ ਦਾ ਮਨੁੱਖੀ ਮਨ 'ਤੇ ਪ੍ਰਭਾਵ ਪੈਣਾ ਸੁਭਾਵਿਕ ਹੈ। ਇਸ ਪ੍ਰਕਾਰ ਜਦੋਂ ਕਾਵਿ ਨੂੰ ਢੁੱਕਵੇਂ ਰਾਗਾਂ ਵਿਚ ਸਵਰਬੱਧ ਕੀਤਾ ਜਾਂਦਾ ਹੈ ਤਾਂ ਜਿਸ ਪ੍ਰਕਾਰ ਇਕ-ਇਕ ਸ਼ਬਦ ਰਸ ਪੈਦਾ ਕਰਦਾ ਹੈ, ਉਸੀ ਪ੍ਰਕਾਰ ਬੰਦਿਸ਼ ਦਾ ਹਰੇਕ ਸਵਰ ਤੋਂ ਭਾਵ ਝਲਕਦਾ ਹੈ। ਪਰ ਸ਼ਰਤ ਹੈ ਕਿ ਸੰਗੀਤਕਾਰ ਜਾਂ ਕਲਾਕਾਰ ਸ਼ਬਦਾਂ ਤੇ ਸਵਰਾਂ ਦੇ ਸਬੰਧ ਨੂੰ ਧਿਆਨ ਵਿਚ ਰੱਖਦਿਆਂ ਗਾਇਨ ਪ੍ਰਸਤੁਤ ਕਰੇ। ਗਾਇਨ ਵਿਚ ਸ਼ਬਦਾਂ ਦੀ ਵੀ ਸਵਰਾਂ ਜਿੰਨੀ ਅਹਿਮੀਅਤ ਹੈ। ਬੰਦਿਸ਼ ਵਿਚ ਸੰਗੀਤ ਦਾ ਕਾਰਜ ਸ਼ਬਦਾਂ ਦੇ ਭਾਵਾਂ ਨੂੰ ਹੋਰ ਤੀਬਰ ਤੇ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕਰਨਾ ਹੈ ਨਾ ਕਿ ਸ਼ਬਦਾਂ ਦੇ ਭਾਵਾਂ ਨੂੰ ਮਾਰਨਾ। ਇਸੇ ਪ੍ਰਕਾਰ ਰਾਗਾਂ ਦੇ ਚਲਨ, ਗਾਇਨ ਸਮਾਂ, ਗਾਇਨ ਪ੍ਰਸਤੁਤੀ ਦਾ ਸਬੰਧ ਵਿਅਕਤੀ ਦੇ ਮਨ ਦੀ ਅਵਸਥਾ ਨਾਲ ਜਾ ਜੁੜਦਾ ਹੈ ਕਿਉਂਕਿ ਭਾਰਤੀ ਸ਼ਾਸਤਰੀ ਸੰਗੀਤ ਵਿਚ ਅਨੇਕਾਂ ਰਾਗ ਹਨ ਤੇ ਹਰ ਰਾਗ ਦਾ ਆਪਣਾ ਰਸ ਹੈ ਬਲਕਿ ਭਰਤ ਮੁਨੀ ਤਾਂ ਹਰ ਇੱਕ ਸਵਰ ਦਾ ਰਸ ਵੱਖਰਾ ਮੰਨਦਾ ਹੈ। ਇਹੋ ਧਾਰਨਾ ਮਨੋਵਿਗਿਆਨ ਨਾਲ ਜਾ ਜੁੜਦੀ ਹੈ ਜਿੱਥੇ ਇਹ 'ਮਿਊਜ਼ਿਕ ਥੈਰੇਪੀ' ਦੇ ਰੂਪ ਵਿਚ ਪ੍ਰਯੋਗ ਕੀਤੀ ਗਈ।

ਰਾਗ ਸ਼ਿਵਰੰਜਨੀਆਂ ਦੀਆਂ ਮੁੱਖ ਸਵਰਸੰਗਤੀਆਂ ਤੋਂ ਇਲਾਵਾ ਹਿੰਦੁਸਤਾਨੀ ਅਤੇ ਕਰਨਾਟਕੀ ਸੰਗੀਤ ਪੱਧਤੀ ਦੇ ਰਾਗਾਂ ਨੂੰ ਧਿਆਨ ਨਾਲ ਵਿਚਾਰੀਏ ਤਾਂ ਨਿਮਨ ਲਿਖਤ ਬਿਮਾਰੀਆਂ ਦਾ ਹੱਲ ਮਨੋਵਿਗਿਆਨੀਆਂ ਅਤੇ ਸੰਗੀਤ ਚਿਕਿਤਸਕਾਂ ਦੁਆਰਾ ਸੰਭਵ ਮੰਨਿਆ ਗਿਆ ਹੈ। ਜਿਵੇਂ:-

1) ਬਲੱਡ ਪ੍ਰੈਸ਼ਰ- ਰਾਗ ਪੂਰੀਆ, ਰਾਗ ਹਿੰਡੋਲ, ਰਾਗ ਮੀਆਂ ਕੀ ਤੋੜੀ

2) ਮਾਈਗ੍ਰੇਨ– ਰਾਗ ਦਰਬਾਰੀ, ਰਾਗ ਸੋਹਣੀ
3) ਸਰੀਰਕ ਦਰਦ– ਰਾਗ ਤੋੜੀ, ਰਾਗ ਭੈਰਵ
4) ਖ਼ੂਨ ਸ਼ੁੱਧੀਕਰਣ– ਰਾਗ ਮਾਲਕੌਂਸ, ਰਾਗ ਪੂਰੀਆ
5) ਦਿਮਾਗੀ ਸਮੱਸਿਆ– ਰਾਗ ਲਲਿਤ, ਰਾਗ ਕੇਦਾਰ
6) ਸ਼ੂਗਰ– ਰਾਗ ਜੈਜੈਵੰਤੀ, ਰਾਗ ਜੌਨਪੁਰੀ
7) ਤਨਾਵ– ਰਾਗ ਯਮਨ

ਸ਼ਾਸ਼ਤਰੀ ਗਾਇਕਾਂ, ਵਾਦਕਾਂ ਨੂੰ ਰਾਗਾਂ ਦਾ ਸੰਪੂਰਨ ਗਿਆਨ ਸੀ। ਇਹ ਵੀ ਸਮਝ ਬਣਾਉਣੀ ਅਤਿ ਜ਼ਰੂਰੀ ਹੁੰਦੀ ਹੈ ਕਿ ਰਾਗਾਂ ਦਾ ਚਲਨ, ਗਾਇਨ ਸਮਾਂ ਕੀ ਹੈ। ਜਿਵੇਂ ਆਮ ਲੋਕ ਸਰੀਰ ਲਈ ਕਸਰਤ ਕਰਦੇ ਹਨ ਉਸੇ ਤਰ੍ਹਾਂ ਇਹਨਾਂ ਦਾ ਸੰਪੂਰਨ ਜੀਵਨ ਹੀ ਸੰਗੀਤ (ਰਾਗਾਂ) ਨੂੰ ਸਮਰਪਿਤ ਸੀ। ਅੱਜ ਵੀ ਸੰਪੂਰਨ ਵਿਸ਼ਵ 'ਚ ਰਾਗਾਂ ਦੀ ਮਦਦ ਨਾਲ ਮਾਨਸਿਕ ਤਨਾਵ ਗ੍ਰਸਤ ਵਿਅਕਤੀ ਨੂੰ ਠੀਕ ਕੀਤਾ ਜਾ ਰਿਹਾ ਹੈ। ਪੰਜਾਬੀ ਗਾਇਨ ਕਾਵਿ ਵਿਚ ਪ੍ਰਚਲਿਤ ਰਾਗ ਦੀ ਬੰਦਿਸ਼ ਬਾਰੇ ਜਾਣ-ਪਛਾਣ ਕਰਵਾਈ ਗਈ ਹੈ, ਤਾਂ ਜੋ ਵੱਖ-ਵੱਖ ਸਵਰ ਪ੍ਰਭਾਵ ਦਾ ਅਧਿਐਨ ਕੀਤਾ ਜਾ ਸਕੇ।

ਗੁਰਮਤਿ ਸੰਗੀਤ ਪੱਧਤੀ ਵਿਚ ਰਾਗ ਆਸਾ ਮਹੱਤਵਪੂਰਨ ਰਾਗ ਹੈ। ਆਸਾ ਰਾਗ ਦੀਆਂ, ਮਧੁਰ ਸੁਰਾਂਵਲੀਆਂ, ਪੰਜਾਬ ਦੀਆਂ ਪਵਿੱਤਰ ਧਰਤੀ ਦੇ ਕਣ-ਕਣ ਵਿਚੋਂ ਸੁਣਾਈ ਦਿੰਦੀਆਂ ਹਨ। ਪੁਰਾਤਨ ਗ੍ਰੰਥਾਂ ਵਿਚ ਰਾਗ ਆਸਾ ਦਾ ਉਲੇਖ ਨਹੀਂ ਮਿਲਦਾ। ਇਸ ਰਾਗ ਨੂੰ ਸ਼ਾਸਤਰੀ ਰੂਪ ਪ੍ਰਦਾਨ ਕਰਨ ਵਿਚ ਬਾਬਾ ਫ਼ਰੀਦ ਅਤੇ ਗੁਰੂ ਨਾਨਕ ਦੇਵ ਦਾ ਸਭ ਤੋਂ ਵੱਧ ਯੋਗਦਾਨ ਹੈ।

| | |
|---|---|
| ਆਰੋਹ | ਸ, ਰੇ ਮ, ਪ, ਧ ਸਂ । |
| ਅਵਰੋਹ | ਸਂ ਨੀ ਧ ਪ, ਮ, ਗ ਰੇ ਸ ਰੇ ਸ । |
| ਸੁਰ | ਆਰੋਹ ਵਿਚ ਗੰਧਾਰ ਤੇ ਨਿਸ਼ਾਦ ਵਰਜਿਤ, ਬਾਕੀ ਸਾਰੇ ਸ਼ੁੱਧ |
| ਥਾਟ | ਬਿਲਾਵਲ |
| ਜਾਤੀ | ਔੜਵ-ਸੰਪੂਰਨ |
| ਸਮਾਂ | ਸਵੇਰ ਅਤੇ ਸ਼ਾਮ ਦਾ ਸੰਧੀ ਪ੍ਰਕਾਸ਼ |
| ਵਾਦੀ | ਮਧਿਅਮ |
| ਸੰਵਾਦੀ | ਸ਼ੜਜ |

ਮੁਖ ਅੰਗ ਰੇ ਮ, ਪ, ਧ ਸਂ, ਨੀ ਧ ਪ ਮ, ਗ ਸ ਰੇ ਗ ਸ ।

ਰਾਗ ਬਿਲਾਵਲ

ਰਾਗ ਬਿਲਾਵਲ ਬਹੁਤ ਪ੍ਰਸਿੱਧ ਅਤੇ ਪੁਰਾਤਨ ਰਾਗ ਹੈ। ਲਗਭਗ ਹਰੇਕ ਗ੍ਰੰਥ ਨੇ ਇਸ ਰਾਗ ਦਾ ਉਲੇਖ ਕੀਤਾ ਹੈ। ਪ੍ਰਿੰਸੀਪਲ ਸੁਖਵੰਤ ਸਿੰਘ ਅਨੁਸਾਰ ਮਿਲਾਪ ਉਪਰੰਤ ਪੈਦਾ ਹੋਈ ਨਿਰਾਲੀ ਖ਼ੁਸ਼ੀ ਆਤਮਕ ਜ਼ਿੰਦਗੀ ਦੇ ਸਫ਼ਰ ਵਿਚ ਜੋ ਹੁਲਾਸ ਖੇੜਾ ਅਨੰਦ ਪੈਦਾ ਕਰਦੀ ਹੈ ਉਸੇ ਦਾ ਬਹੁਤਾ ਵਰਨਣ ਇਸ ਰਾਗ ਵਿਚ ਉਚਾਰੀ ਬਾਣੀ ਵਿਚ ਹੈ। ਪਰ "ਦੂਜੈ ਭਾਇ ਬਿਲਾਵਲ ਨ ਹੋਵਈ" ਜਿਸ ਮੁਖ ਵਿਚ ਨਾਮ ਹੈ ਬਿਲਾਵਲ ਉਨ੍ਹਾਂ ਨੂੰ ਸੋਭਦਾ ਹੈ।

ਆਰੋਹ ਸ, ਰੇ ਗ, ਮ ਪ, ਧ, ਨੀ ਸਂ ।

| | |
|---|---|
| ਅਵਰੋਹ | ਸਂ ਨੀ ਧ, ਪ, ਮ ਗ, ਰੇ ਸ । |
| ਸੁਰ | ਸਾਰੇ ਸ਼ੁੱਧ । |
| ਥਾਟ | ਬਿਲਾਵਲ |
| ਜਾਤੀ | ਸੰਪੂਰਨ-ਸੰਪੂਰਨ |
| ਸਮਾਂ | ਦਿਨ ਦਾ ਦੂਜਾ ਪਹਿਰ |
| ਵਾਦੀ | ਧੈਵਤ |
| ਸੰਵਾਦੀ | ਗੰਧਾਰ |
| ਮੁੱਖ ਅੰਗ | ਗ ਰੇ, ਗ ਪ ਧ ਪ, ਮ ਗ, ਮ ਰੇ ਸ । |
| ਰਾਗ | ਭੈਰਵੀ |
| ਥਾਟ- | ਭੈਰਵੀ |
| ਸਵਰ- | ਰੇ, ਗੁ, ਧੁ, ਨੀ ਕੋਮਲ, ਬਾਕੀ ਸ਼ੁੱਧ ਸਵਰ |
| ਜਾਤੀ- | ਸੰਪੂਰਨ-ਸੰਪੂਰਨ |
| ਵਰਜਿਤ ਸਵਰ- | ਕੋਈ ਨਹੀਂ |
| ਵਾਦੀ- | ਧ (ਧਵੈਤ) |
| ਸੰਵਾਦੀ- | ਗ (ਗੰਧਾਰ) |

ਨਿਆਸ ਦੇ ਸਵਰ-ਸ, ਗ, ਪ, ਧ

| | |
|---|---|
| ਗਾਇਨ ਸਮਾਂ- | ਸਵੇਰ ਦਾ ਸਮਾਂ |
| ਗਾਇਨ ਸ਼ੈਲੀਆਂ- | ਧਰੁਪਦ, ਧਮਾਰ, ਖਿਆਲ ਗਾਇਨ ਸ਼ੈਲੀਆਂ ਘੱਟ ਗਾਈਆਂ ਜਾਂਦੀਆਂ ਹਨ ਪ੍ਰੰਤੂ ਠੁਮਰੀ, ਟੱਪਾ ਅਤੇ ਸੁਗਮ ਸੰਗੀਤ ਜ਼ਿਆਦਾ ਗਾਇਆ ਜਾਂਦਾ ਹੈ। ਦੱਖਣੀ ਸੰਗੀਤ 'ਚ ਇਹ ਰਾਗ ਤੋੜੀ ਰਾਗ ਕਰਕੇ ਜਾਣਿਆ ਜਾਂਦਾ ਹੈ। ਮਿਸ਼ਰ ਭੈਰਵੀ 'ਚ 12 ਸੁਰ ਪ੍ਰਯੋਗ ਹੁੰਦੇ ਹਨ। |
| ਆਰੋਹ- | ਸ, ਰੁ, ਗੁ, ਮ, ਪ, ਧੁ, ਨੁ ਸਂ |
| ਅਵਰੋਹ- | ਸਂ, ਨੁ, ਧੁ ਪ ਮ, ਗੁ, ਰੁ, ਸ |
| ਪਕੜ- | ਮ, ਗੁ ਸ ਰੁ ਸ, ਧੁ ਨੁ ਸ |

ਰਾਗ ਰਾਮਕਲੀ

ਰਾਗ ਰਾਮਕਲੀ ਬੜਾ ਪੁਰਾਤਨ ਰਾਗ ਹੈ। ਸਵੇਰ ਸਮੇਂ ਦੇ ਰਾਗਾਂ ਵਿਚ ਇਸਦਾ ਬੜਾ ਮਹੱਤਵਪੂਰਨ ਸਥਾਨ ਹੈ। ਇਹ ਕਰੁਣਾ ਰਸ ਭਰਪੂਰ ਰਾਗ ਹੈ। ਰਾਮਕਲੀ ਜੋਗੀਆਂ ਦਾ ਪਿਆਰਾ ਰਾਗ ਹੈ ਅਤੇ ਸਿੱਧ ਗੋਸ਼ਟਿ, ਰਾਮਕਲੀ ਸਦ, ਅਨੰਦ ਸਾਹਿਬ ਦੀਆਂ ਬਾਣੀਆਂ ਇਸੇ ਰਾਗ ਵਿਚ ਹਨ।

| | |
|---|---|
| ਆਰੋਹ | ਸ, ਗ ਮ ਪ, ਧ, ਨੀ ਸਂ । |
| ਅਵਰੋਹ | ਸਂ ਨੀ ਧ, ਪ, ਮ ਪ ਧ ਨੀ ਧ ਪ, ਗ ਮ ਰੇ, ਸ । |
| ਸੁਰ | ਰਿਸ਼ਭ ਧੈਵਤ ਕੋਮਲ, ਦੋਨੋਂ ਮਧਿਅਮ, ਦੋਨੋਂ ਨਿਸ਼ਾਦ, ਆਰੋਹ ਵਿਚ ਰਿਸ਼ਭ ਵਰਜਿਤ । |
| ਥਾਟ | ਭੈਰਵ |
| ਜਾਤੀ | ਸ਼ਾੜਵ-ਸੰਪੂਰਨ |

| | |
|---|---|
| ਸਮਾਂ | ਦਿਨ ਦਾ ਪਹਿਲਾ ਪਹਿਰ |
| ਵਾਦੀ | ਪੰਚਮ |
| ਸੰਵਾਦੀ | ਰਿਸ਼ਭ |
| ਮੁੱਖ ਅੰਗ | ਧ ਪ, ਮ ਪ ਧ ਨੀ ਧ ਪ, ਗ ਮ ਰੇ, ਸ । |

ਰਾਗ ਤਿਲੰਗ

ਤਿਲੰਗ ਰਾਗ ਮਨੋਹਰ ਅਤੇ ਸਰਲ ਰਾਗ ਹੈ। ਇਸ ਰਾਗ ਨੂੰ ਸਧਾਰਣ ਸ੍ਰੋਤੇ ਵੀ ਆਸਾਨੀ ਨਾਲ ਪਛਾਣ ਲੈਂਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਤਿਲੰਗ ਰਾਗ ਦੇ ਸਿਰਲੇਖ ਹੇਠ ਦੋ ਰਾਗ ਪ੍ਰਕਾਰ ਉਪਲਬਧ ਹਨ।

| | |
|---|---|
| ਆਰੋਹ | ਸ ਗ, ਮ ਪ, ਨੀ ਸਂ । |
| ਅਵਰੋਹ | ਸਂ ਨੀ ਪ, ਮ ਗ, ਸ । |
| ਸੁਰ | ਰਿਸ਼ਭ ਤੇ ਧੈਵਤ ਵਰਜਿਤ, ਦੋਨੋਂ ਨਿਸ਼ਾਦ, ਬਾਕੀ ਸਾਰੇ ਸ਼ੁੱਧ । |
| ਥਾਟ | ਖਮਾਜ |
| ਜਾਤੀ | ਔੜਵ-ਔੜਵ |
| ਸਮਾਂ | ਦਿਨ ਦਾ ਤੀਜਾ ਪਹਿਰ |
| ਵਾਦੀ | ਗੰਧਾਰ |
| ਸੰਵਾਦੀ | ਨਿਸ਼ਾਦ |
| ਮੁੱਖ ਅੰਗ | ਨੀ ਸ ਗ ਮ ਪ, ਨੀ ਪ, ਗ ਮ ਗ, ਸ, |
| ਰਾਗ | ਝਿੰਝੋਟੀ |
| ਥਾਟ | ਖਮਾਜ |
| ਸਵਰ | ਨੀ ਕੋਮਲ, ਬਾਕੀ ਸ਼ੁੱਧ ਸਵਰ |
| ਜਾਤੀ | ਸ਼ਾੜਵ- ਸੰਪੂਰਨ |
| ਵਰਜਿਤ ਸਵਰ | ਨਿਸ਼ਾਦ (ਨੀ) ਆਰੋਹ ਵਿੱਚ |
| ਵਾਦੀ | ਗ (ਗੰਧਾਰ) |
| ਸੰਵਾਦੀ | ਕੋਮਲ ਨੀ |
| ਸਮਾਂ | ਰਾਤ ਦਾ ਦੂਜਾ ਪਹਿਰ |
| ਪ੍ਰਕਿਰਤੀ | ਸਰਲ ਅਤੇ ਚੰਚਲ |
| ਆਰੋਹ | ਸਾ, ਰੇ ਮਾ ਪਾ, ਧ, ਸਾ |
| ਅਵਰੋਹ | ਸਾ ਨੀ ਧ, ਪ, ਮ ਗ ਰ ਗ ਰੇ ਸ |
| ਮੁੱਖ ਅੰਗ | ਧ ਸਾ ਰੇ ਮਾ ਗ, ਰੇ ਗ ਸ ਰੇ, ਨੀ, ਧੁ, ਪਾ ਧ ਸਾ ਪ, ਧ ਸ ਰ ਗ ਮ ਗ, ਮ ਗ ਰੇ ਸ, ਰੇ, ਨੀ, ਧਾ, ਸ |
| ਵਿਸ਼ੇਸ਼ਤਾ | ਮੱਧ ਮੰਦਰ ਸਪਤਕ ’ਚ ਇਸ ਰਾਗ ਦੀ ਬੜਤ ਕੀਤੀ ਜਾਂਦੀ ਹੈ। ਟੱਪਾ ਅਤੇ ਠੁਮਰੀ ਗਾਇਨ ਲਈ ਇਸ ਰਾਗ ਦਾ ਵਿਸ਼ੇਸ਼ ਪ੍ਰਯੋਗ ਕੀਤਾ ਜਾਂਦਾ ਹੈ। |

**ਪੀਐਚ.ਡੀ.ਸਕਾਲਰ,ਪੰਜਾਬੀ ਵਿਭਾਗ**
**ਪੰਜਾਬੀ ਯੂਨੀਵਰਸਿਟੀ, ਪਟਿਆਲਾ 9988782886**

# राग मालकौंस

सरदार गुरबख्श सिंह

प्रत्येक राग की अभिन्न आभा है। हमारे कलात्मक भाव को जगमगाने में जो सदा सुहागिन भैरवी ने आवास किया हुआ है तो इस ठाठ की उपज मालकौंस अपनी रश्मियों की बरसात करके हमें चकाचौंध कर जाता है। इस मींड़ प्रधान औड़व राग में ऋषभ, पंचम वर्जित, गंधार, धैवत, निषाद कोमल और मध्यम शुद्ध है। इसका वादी स्वर मध्यम, संवादी षड़ज और समय रात्रि का तृतीय प्रहर है। इस राग में किसी अन्य राग की छाया नहीं पड़ती और सा – म, ग – ध और म – नि के संवाद के कारण राग का विस्तार क्षेत्र बड़ा विशाल है। किसी भी स्वर पर न्यास करने से इस राग की अधिक हानि नहीं होती।

**आरोह :** सा ग म, ध नि सां

**अवरोह :** सां नि ध म, ग सा

**मुख्य अंग :** ग म, ग सा, ध़ नि़ ध़ सा – म

**चलन :** सा – ध़ – नि़ – सा, नि़ ध़ सा, सा – ध़ नि़ ध़ सा, ध़ नि़ ध़ – म़ ध़ नि़ ध़ सा, ध़ नि़ सा, ध़ नि़ सा (म)ग – नि़ ग – सा, ध़ नि़ सा (म)ग – म ग नि़ सा, ध़ नि़ सा (म)ग म, ग म ग नि़ – सा, ग म ध – म – ग म ग ध – म, ग म ध – नि ध – म, ग म (नि)ध – नि ध सां – ध नि ध सां, ध नि सां गं – सां, गं मं सां गं – सां सां – ध नि ध म – ग म ध – म – ग म ग नि़ – ग – सा, ध़ नि़ सा।

## मालकौंस (मत्त ताल)

*नामु लैत मनु परगटु भइआ ॥ नामु लैत पापु तन ते गइआ ॥*
*नामु लैत सगल पुरबाइआ ॥ नामु लैत अठसठि मजनाइआ ॥१॥*
*तीरथु हमरा हरि को नामु ॥ गुरि उपदेसिआ ततु गिआनु ॥1॥ रहाउ॥*
*नामु लैत दुखु दूरि पराना ॥ नामु लैत अति मू सुगिआना ॥*
*नामु लैत परगटि उजीआरा ॥ नामु लैत छुटे जंजारा ॥२॥*
*नामु लैत जमु नेड़ि न आवै ॥ नामु लैत दरगह सुखु पावै ॥*
*नामु लैत प्रभु कहै साबासि ॥ नामु हमारी साची रासि ॥३॥*
*गुरि उपदेसु कहिओ इहु सारु ॥ हरि कीरति मन नामु अधारु ॥*
*नानक उधरे नाम पुनहचार ॥ अवरि करम लोकह पतीआर ॥४॥*
*( भैरउ महला ५ ) अंग ११४२*

RNI Regd.No. 46788/89 ISSN 0972-2335

## स्थाई

| | | | | | | | | |
|---|---|---|---|---|---|---|---|---|
| सा | – | ध़ | नि़ | सा | ग | सा | – | – |
| ती | ऽ | र | थ | ह | म | रा | ऽ | ऽ |
| ग | ग | म | – | ग | म | ग | – | सा |
| ह | र | को | ऽ | ना | ऽ | म | ऽ | ऽ |
| [म]ग | म | ध | नि | सां | – | धध | – | म |
| गु | र | उ | प | दे | ऽ | सिआ | ऽ | ऽ |
| सां | – | ध | म | गम | धम | गसा | ध़नि़ | सा |
| त | ऽ | त | गि | आऽ | ऽऽ | नऽ | ऽऽ | ऽ |
| [स]म | – | ग | सा | सा | सा | सा | – | – |
| ती | ऽ | र | थ | ह | म | रा | ऽ | ऽ |
| x | | २ | | ० | | ३ | | |

## अंतरा

| | | | | | | | | |
|---|---|---|---|---|---|---|---|---|
| ग | म | [नि]ध | नि | सां | नि | सां | – | सां |
| ना | ऽ | म | लै | ऽ | त | म | ऽ | न |

| | | | | | | | | |
|---|---|---|---|---|---|---|---|---|
| सां | नि | गं | सां | सांसां | ध | नि | ध | म |
| प | र | ग | ट | भइ | आ | ऽ | ऽ | ऽ |
| ध | नि | सां | गं | मं | गं | सां | नि | सां |
| ना | ऽ | म | लै | ऽ | त | पा | ऽ | प |
| [नि]ध | ध | नि | धध | ग | म | ग | – | सा |
| त | न | ते | गइ | आ | ऽ | ऽ | ऽ | ऽ |
| सा | सा | ध़ | नि़ | सा | ग | मम | – | – |
| गु | र | उ | प | दे | ऽ | सिआ | ऽ | ऽ |
| सां | – | ध | म | | | | | |
| त | ऽ | त | गि | | | | | |
| x | | २ | | ० | | ३ | | |

**M : +44 7443 657800**